# ਰਿਸ਼ਤਾ ਸ਼ਬਦ ਸਲੀਬ ਦਾ

ਅਮਰੀਕਾ ਵਿਚ ਵਸਦੇ ਜਿਹੜੇ ਲੇਖਕਾਂ ਦੀਆਂ ਰਚਨਾਵਾਂ ਸਾਨੂੰ ਕਿਤਾਬੀ ਰੂਪ ਵਿਚ ਪ੍ਰਾਪਤ ਹਨ, ਉਨ੍ਹਾਂ ਲੇਖਕਾਂ ਵਿਚ ਡਾ. ਜਗਜੀਤ ਬਰਾੜ, ਡਾ. ਗੁਰੂਮੇਲ, ਡਾ. ਸੁਖਪਾਲ ਸੰਘੇੜਾ, ਸ਼ਸ਼ੀ ਸਮੁੰਦਰਾ, ਸੁਖਵਿੰਦਰ ਕੰਬੋਜ, ਰਾਣੀ ਨਗੇਂਦਰ, ਪਰਵੇਜ਼ ਸੰਧੂ, ਹਰਜਿੰਦਰ ਕੰਗ, ਰਣਧੀਰ ਸਿੰਘ ਨਿਊਯਾਰਕ, ਮਨੋਹਰ ਸਿੰਘ ਮਾਰਕੋ, ਜਰਨੈਲ ਚੰਦੀ, ਦਲਜੀਤ ਮੋਖਾ, ਮਹਿੰਦਰ ਸਿੰਘ ਘੱਗ, ਸੰਤੋਖ ਗਿੱਲ, ਸੁਰਿੰਦਰ ਸੀਰਤ, ਸੁਖਦਰਸ਼ਨ ਧਾਲੀਵਾਲ, ਸਤਨਾਮ ਰਟੈਂਡਾ, ਰਾਬਿੰਦਰ ਅਟਵਾਲ, ਰਾਜਿੰਦਰ ਜਿੰਦ, ਈਸ਼ਰ ਸਿੰਘ ਮੋਮਨ, ਪਰਗਟ ਸਿੰਘ ਅਤੇ ਰਵਿੰਦਰ ਸਹਿਰਾਅ ਦੇ ਨਾਮ ਸ਼ਾਮਲ ਹਨ। ਸ਼ੇਰ ਸਿੰਘ ਕੰਵਲ, ਇਕਬਾਲ ਖਾਨ ਅਤੇ ਜਸਪਾਲ ਸੂਸ ਕੈਨੇਡਾ ਅਤੇ ਅਮਰੀਕਾ ਦਰਮਿਆਨ ਸਥਾਨ ਬਦਲੀ ਕਰਦੇ ਹਨ। ਸਾਡਾ ਸਿਰਮੌਰ ਕ੍ਰਾਂਤੀਕਾਰੀ ਕਵੀ ਪਾਸ਼ ਵੀ 1986-87 ਵਿਚ ਸਾਲ ਕੁ ਭਰ ਅਮਰੀਕਾ ਵਿਚ ਰਿਹਾ। ਹਿੰਦੀ ਅਤੇ ਅੰਗਰੇਜ਼ੀ ਵਿਚ ਡੇਢ ਦਰਜਨ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਡਾ. ਵੇਦ ਵਟੁਕ ਵੀ ਕਦੇ ਕਦੇ ਪੰਜਾਬੀ ਕਵਿਤਾ ਲਿਖਦੇ ਹਨ। ਅਮਰੀਕਾ ਵਿਚ ਵਸਦੇ ਪੰਜਾਬੀ ਲੇਖਕਾਂ ਦੀ ਗਿਣਤੀ ਵਿਚ ਹੋ ਰਿਹਾ ਇਹ ਵਾਧਾ ਪੰਜਾਬੀ ਸਾਹਿਤ ਲਈ ਇਕ ਸ਼ੁਭ ਸ਼ਗਨ ਹੈ। ਪਿਛਲੇ ਥੋੜ੍ਹੇ ਜਿਹੇ ਸਾਲਾਂ ਦੌਰਾਨ, ਅਮਰੀਕਨ ਪੰਜਾਬੀ ਕਵੀਆਂ ਦੀਆਂ ਜਿਹੜੀਆਂ ਕਿਤਾਬਾਂ ਚਰਚਾ ਦਾ ਵਿਸ਼ਾ ਰਹੀਆਂ ਹਨ, ਉਨ੍ਹਾਂ ਵਿਚ 'ਬੋਗਨਵਿਲਾ ਦੇ ਵਸਤਰ’ (ਸ਼ਸੀ ਸਮੁੰਦਰਾ), 'ਸੁਰਖ਼ੀਆਂ' (ਡਾ. ਗੁਰੂਮੇਲ), 'ਨਵੇਂ ਸੂਰਜ' (ਸੁਖਵਿੰਦਰ ਕੰਬੋਜ਼), 'ਜ਼ਖ਼ਮੀ ਪਲ' (ਰਵਿੰਦਰ ਸਰਿਹਾਅ), 'ਨੀਲੀਆਂ ਮੋਰਨੀਆਂ' (ਰਾਣੀ ਨਗੇਂਦਰ), 'ਕਿੱਸਿਆਂ ਦੇ ਕੈਦੀ' (ਡਾ. ਸੁਖਪਾਲ ਸੰਘੇੜਾ) ਅਤੇ 'ਕਿਣਮਿਣੀਆਂ ਕਿਣਮਿਣੀਆਂ' (ਰਣਧੀਰ ਸਿੰਘ ਨਿਊਯਾਰਕ) ਸ਼ਾਮਲ ਹਨ। ਇਨ੍ਹਾਂ ਤੋਂ ਬਿਨਾਂ ਪਰਵੇਜ਼ ਸੰਧੂ ਦਾ ਕਹਾਣੀ ਸੰਗ੍ਰਹਿ 'ਮੁੱਠੀ ਭਰ ਸੁਪਨੇ', ਅਣਕਿਤਾਬੀ ਲੇਖਕਾ ਜਸਵੀਰ ਦੀਆਂ ਕਵਿਤਾਵਾਂ ਅਤੇ ਕਹਾਣੀਆਂ ਅਤੇ ਸੁਖਵਿੰਦਰ ਕੰਬੋਜ ਅਤੇ ਰਵਿੰਦਰ ਸਹਿਰਾਅ ਦੀ ਸੰਪਾਦਿਤ ਪੁਸਤਕ 'ਅਮਰੀਕੀ ਪੰਜਾਬੀ ਕਵਿਤਾ' ਵੀ ਸਾਹਿਤਕ ਚਰਚਾ ਦੇ ਘੇਰੇ ਵਿਚ ਸ਼ਾਮਲ ਰਹੀਆਂ ਹਨ।

ਪਿਛਲੇ ਵਰ੍ਹੇ ਸਮੁੱਚੀ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਦੋ ਮਹੱਤਵਪੂਰਨ ਸੰਪਾਦਿਤ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ 'ਸਦੀ ਦੀਆਂ ਤਰਕਾਲਾਂ ਅਤੇ ਸਮਾਂ ਉਦਾਸ ਨਹੀਂ ਸਾਡੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਦੁਆਰਾ ਸੰਪਾਦਿਤ 'ਸਦੀ ਦੀਆਂ ਤਰਕਾਲਾਂ' ਵਿਚ ਸ਼ਸ਼ੀ ਸਮੁੰਦਰਾ, ਸੁਖਵਿੰਦਰ ਕੰਬੋਜ, ਰਵਿੰਦਰ ਸਹਿਰਾਅ, ਜਸਵੀਰ, ਡਾ. ਗੁਰੂਮੇਲ, ਰਾਣੀ ਨਗੇਂਦਰ ਅਤੇ ਹਰਜਿੰਦਰ ਕੰਗ ਦੀਆਂ ਕਵਿਤਾਵਾਂ ਸ਼ਾਮਲ ਹਨ। ਸਾਡੇ ਸਮਰੱਥ ਸ਼ਾਇਰ ਅਮਰਜੀਤ ਕੌਂਕੇ ਦੁਆਰਾ ਸੰਪਾਦਿਤ ਕਾਵਿ-ਸੰਗ੍ਰਹਿ 'ਸਮਾਂ ਉਦਾਸ ਨਹੀਂ' ਵਿਚ ਸ਼ਸ਼ੀ ਸਮੁੰਦਰਾ, ਸੁਖਵਿੰਦਰ ਕੰਬੋਜ, ਰਵਿੰਦਰ ਸਹਿਰਾਅ, ਜਸਵੀਰ ਅਤੇ ਡਾ. ਸੁਖਪਾਲ ਸੰਘੇੜਾ ਦੀਆਂ ਕਵਿਤਾਵਾਂ ਸ਼ਾਮਲ ਹਨ।

ਇਨਾਂ ਆਰੰਭਕ ਸ਼ਬਦਾਂ ਤੋਂ ਸਪੱਸ਼ਟ ਜ਼ਾਹਰ ਹੈ ਕਿ ਰਵਿੰਦਰ ਸਹਿਰਾਅ ਦਾ ਨਾਮ ਸਮਕਾਲੀ ਅਮਰੀਕਨ ਪੰਜਾਬੀ ਸਾਹਿਤ ਦੀ ਪ੍ਰਤੀਨਿਧਤਾ ਕਰ ਰਹੇ ਥੋੜ੍ਹੇ ਜਿਹੇ ਲੇਖਕਾਂ ਦੀ ਲਿਸਟ ਵਿਚ ਸ਼ਾਮਲ ਹੈ।

'ਅਮਰੀਕੀ ਪੰਜਾਬੀ ਕਵਿਤਾ" (ਸੰ. ਕੰਬੋਜ ਅਤੇ ਸਹਿਰਾਅ), 'ਪਾਸ਼ ਅਤੇ ਗ਼ਦਰੀ ਬਾਬਿਆਂ ਦੇ ਨਾਂ' ਸਮਰਪਿਤ ਹੈ। ਸੁਖਵਿੰਦਰ ਕੰਬੋਜ ਦਾ ਨਵਾਂ ਕਾਵਿ-ਸੰਗ੍ਰਹਿ 'ਜਾਗਦੇ ਅੱਖਰ' ਵੀ 'ਪਿਆਰੇ ਪਾਸ਼ ਅਤੇ .... ਦੇ ਨਾਮ' ਸਮਰਪਿਤ ਹੈ। ਡਾ. ਸੁਖਪਾਲ ਸੰਘੇੜਾ ਦਾ ਨਾਵਲ 'ਢੱਠਾ ਖੂਹ' ਵੀ 'ਲੇਖਕ ਦੀ ਸ਼ਹੀਦ ਪਾਸ਼' ਨੂੰ ਸ਼ਰਧਾਂਜਲੀ ਹੈ। ਪੱਛਮੀ ਪੰਜਾਬ ਦੇ ਲੇਖਕਾਂ ਦੀ ਰਹਿਨੁਮਾਈ ਹੇਠ ਚੱਲ ਰਹੀ, ਅਮਰੀਕੀ ਪੰਜਾਬੀ ਸੰਸਥਾ APNA ਨੇ ਪਾਸ਼ ਦੀਆਂ ਚੋਣਵੀਆਂ ਕਵਿਤਾਵਾਂ ਦਾ ਸ਼ਾਹਮੁਖੀ ਲਿਪਾਂਤਰ 'ਇਨਕਾਰ' ਨਾਮ ਹੇਠ ਪ੍ਰਕਾਸ਼ਿਤ ਕੀਤਾ ਹੈ। ਜ਼ਾਹਰ ਹੈ ਕਿ ਸਮੁੱਚੀ ਪੰਜਾਬੀ ਕਵਿਤਾ ਦੇ ਨਾਲ ਨਾਲ ਪਾਸ਼ ਨੇ ਅਮਰੀਕਾ ਦੇ ਪੰਜਾਬੀ ਲੇਖਕਾਂ ਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕੀਤਾ ਹੈ।

ਪਾਸ਼ ਅਤੇ ਗ਼ਦਰੀ ਬਾਬਿਆਂ ਦੇ 'ਸ਼ਬਦਾਂ' ਦੇ 'ਸਲੀਬਾਂ' ਨਾਲ 'ਰਿਸ਼ਤੇ' ਤੋਂ ਸਮੁੱਚਾ ਪੰਜਾਬੀ ਭਾਈਚਾਰਾ ਭਲੀਭਾਂਤ ਵਾਕਫ਼ ਹੈ। ਕਿਸੇ ਕਾਵਿ-ਸੰਗ੍ਰਹਿ ਨੂੰ ਪਾਸ਼ ਅਤੇ ਗ਼ਦਰੀ ਬਾਬਿਆਂ ਦੇ ਨਾਂ ਸਮਰਪਿਤ ਕਰਨ ਵਾਲੇ ਸੰਪਾਦਕਾਂ ਦੇ 'ਸ਼ਬਦਾਂ' ਦਾ 'ਰਿਸ਼ਤਾ' ਵੀ ਤੁਰੰਤ 'ਸਲੀਬਾਂ' ਨਾਲ ਸਥਾਪਿਤ ਹੋ ਜਾਂਦਾ ਹੈ।

ਰਵਿੰਦਰ ਸਹਿਰਾਅ ਦੀਆਂ ਪਹਿਲੀਆਂ ਦੋ ਕਾਵਿ ਪੁਸਤਕਾਂ ਦੇ ਨਾਮ ਹਨ, 'ਚੁਰਾਏ ਪਲਾਂ ਦਾ ਹਿਸਾਬ' (1980) ਅਤੇ 'ਜ਼ਖ਼ਮੀ ਪਲ' (1993) 'ਚੁਰਾਏ ਪਲਾਂ ਦੇ ਹਿਸਾਬ' ਵਿਚ ਆਮ ਕਰਕੇ ਓਹੀ ਸ਼ਬਦ ਪੈਂਦੇ ਹਨ, ਜਿਨ੍ਹਾਂ ਸ਼ਬਦਾਂ ਨੇ ਕਵਿਤਾ ਬਣਕੇ ਹੋਰਾਂ ਨਾਲ ਆਪਣਾ ਹਿਸਾਬ ਕਿਤਾਬ ਨਜਿੱਠਣਾ ਹੁੰਦਾ ਹੈ। ਜ਼ਖ਼ਮੀ ਪਲ ਵੀ ਆਮ ਕਰਕੇ ਉਨ੍ਹਾਂ ਸ਼ਬਦਾਂ ਦੇ ਧਿਆਨ ਦਾ ਹੀ ਕੇਂਦਰ ਬਣਦੇ ਹਨ, ਜਿਨ੍ਹਾਂ ਸ਼ਬਦਾਂ ਨੇ ਜ਼ਖ਼ਮਾਂ ਨੂੰ ਕਵਿਤਾ ਵਿਚ ਤਬਦੀਲ ਕਰਕੇ ਆਪਣੀ ਅਤੇ ਜ਼ਖ਼ਮਕਾਰ ਦੀ ਟੱਕਰ ਨੂੰ ਸਾਹਿਤ ਦਾ ਅਨਿੱਖੜਵਾਂ ਅੰਗ ਬਣਾ ਦੇਣਾ ਹੁੰਦਾ ਹੈ। ਚੋਰ ਅਤੇ ਜ਼ਖ਼ਮਕਾਰ ਸਹਿਰਾਅ ਦੇ ਹਥਲੇ ਕਾਵਿ-ਸੰਗ੍ਰਹਿ 'ਰਿਸ਼ਤਾ ਸ਼ਬਦ-ਸਲੀਬਾਂ' ਦਾ ਵਿਚ 'ਸਲੀਬ' ਬਣਕੇ ਹਾਜ਼ਰ ਹਨ, ਤਾਂ ਸਹਿਰਾਅ ਦੇ ਸ਼ਬਦ ਵੀ ਸਲੀਬਾਂ ਨਾਲ ਆਪਣੇ ਰਿਸ਼ਤੇ ਨੂੰ ਕਵਿਤਾ ਦੇ ਮਾਧਿਅਮ ਰਾਹੀਂ ਸਮਝਣ ਵਾਸਤੇ ਹਾਜ਼ਰ ਹਨ। ਇਸ ਸੰਖੇਪ ਜਾਣਪਛਾਣ ਰਾਹੀਂ ਸਾਨੂੰ ਰਵਿੰਦਰ ਸਹਿਰਾਅ ਦੇ ਸਮੁਚੇ ਸਿਰਜਣਾਤਮਕ ਵਿਵੇਕ ਦੀ ਸੰਕੇਤਕ ਜਾਣਕਾਰੀ ਮਿਲਦੀ ਹੈ। ਇਸ ਸੰਕੇਤਕ ਜਾਣਕਾਰੀ ਨੂੰ ਭਰੋਸੇਯੋਗ ਜਾਣਕਾਰੀ ਵਿਚ ਤਬਦੀਲ ਕਰਨ ਦੇ ਰਾਹ ਪੈਣ ਦਾ ਕਾਰਜ ਅਸੀਂ ਇਸ ਕਾਵਿ-ਸੰਗਹਿ ਦੀ ਪਹਿਲੀ ਕਵਿਤਾ ਦੇ ਵਿਸ਼ੇਸ਼ਣ ਨਾਲ ਸ਼ੁਰੂ ਕਰ ਸਕਦੇ ਹਾਂ।

'ਟਾਈਟਲ ਕਵਿਤਾ' ਹੋਣ ਕਰਕੇ ਪਹਿਲੀ ਕਵਿਤਾ ਦਾ ਮਹੱਤਵ, ਪਰਤੱਖ ਹੈ। ਇਸ ਕਵਿਤਾ ਦੇ ਪਹਿਲੇ ਪਾਠ ਰਾਹੀਂ ਇਸਨੂੰ 'ਮਾਨਣ' ਤੋਂ ਬਾਅਦ, ਜਦ ਅਸੀਂ ਅਗਲੇ ਪਾਠਾਂ ਰਾਹੀਂ ਇਸ ਕਵਿਤਾ ਨੂੰ 'ਜਾਨਣ' ਅਤੇ 'ਪਛਾਨਣ' ਵਾਸਤੇ ਇਸਦਾ ਅੰਗ-ਨਿਖੇੜ ਕਰਦੇ ਹਾਂ, ਤਾਂ ਪਤਾ ਲਗਦਾ ਹੈ ਕਿ ਸਲੀਬਾਂ ਮਾਲਕਾਂ ਦੀਆਂ ਵਫ਼ਾਦਾਰ ਹਨ ਅਤੇ ਸ਼ਬਦਾਂ ਦੇ ਖ਼ੂਨ ਦੀਆਂ ਤਿਹਾਈਆਂ ਹਨ- ਸ਼ਬਦਾਂ ਅਤੇ ਸਲੀਬਾਂ ਦਾ ਪਰਸਪਰ ਰਿਸ਼ਤਾ ਆਸ਼ਕਾਂ ਅਤੇ ਰਕੀਬਾਂ ਵਾਲਾ ਟਕਰਾਵਾਂ ਰਿਸ਼ਤਾ ਹੈ, ਇਹ ਰਿਸ਼ਤਾ ਦੋਸਤਾਨਾ ਨਹੀਂ। ਏਸ ਟਕਰਾਵੇਂ ਰਿਸ਼ਤੇ ਨੂੰ ਕਾਵਿ-ਭਾਸ਼ਾ ਵਿਚ ਤਬਦੀਲ ਕਰਨ ਲਈ ਤਿੰਨ 'ਸ਼ਬਦ' ਚੁਣੇ ਗਏ ਹਨ :

1. ਜ਼ਖਮੀ ਪਿੰਡੇ ਨਾਲ, ਹਸਦੇ ਹੋਏ, ਮੁਰੀਦਾਂ ਦਾ ਹਾਲ ਕਹਿਣ ਵਾਲੇ 'ਸ਼ਬਦ'

2. ਖੇੜਿਆਂ ਦੀ ਅੱਖ 'ਚ ਰੜਕਣ ਵਾਲੇ, ਬੇਲਿਆਂ 'ਚ ਗਾਉਂਦੇ ਹੋਏ 'ਸ਼ਬਦ'

3. ਥਈਆ ਥਈਆ ਕਰਕੇ ਨੱਚਦੇ, ਰਬਾਬ ਸੰਗ ਸੁਰਾਂ ਮਿਲਾ ਕੇ, ਸਲੀਬਾਂ ਨਾਲ ਸੰਵਾਦ ਰਚਾਉਣ ਵਾਲੇ 'ਸ਼ਬਦ'

ਪੰਜਾਬੀ ਸਭਿਆਚਾਰ ਦੇ ਵਡੇਰੇ ਪ੍ਰਸੰਗ ਵਿਚ ਭਾਵੇਂ ਇਨ੍ਹਾਂ 'ਸ਼ਬਦਾਂ' ਦਾ ਸਬੰਧ ਕਰਮਵਾਰ ਗੁਰੂ ਗੋਬਿੰਦ ਸਿੰਘ ਨਾਲ, ਰਾਂਝੇ ਨਾਲ ਅਤੇ ਬੁੱਲ੍ਹੇ ਸ਼ਾਹ ਨਾਲ ਜਾ ਜੁੜਦਾ ਹੈ, ਪਰ ਇਸ ਕਵਿਤਾ ਦਾ ਪਹਿਲਾ ਪੈਰ੍ਹਾ ਆਪਣੇ 'ਸ਼ਬਦਾਂ' ਨੂੰ 'ਧਰਤੀ ਦੀ ਕਿਸੇ ਵੀ ਨੁਕਰੋਂ ਉਠਦੀ ਹੋਈ ਹੂਕ' ਨਾਲ ਸਬੰਧਿਤ ਕਰਦਾ ਹੈ ਅਤੇ ਆਖ਼ਰੀ ਪੈਰ੍ਹਾ ਇਨ੍ਹਾਂ ਨੂੰ 'ਚਹੁੰ ਕੂਟੀਂ, ਭੁੱਖੇ ਤਿਹਾਏ ਗਰੀਬਾਂ ਦੇ ਆ ਰਹੇ ਹੜ੍ਹ' ਨਾਲ ਸੰਬੰਧਿਤ ਕਰਦਾ ਹੈ। ਧਰਤੀ ਦੀ ਕਿਸੇ ਵੀ ਨੁੱਕਰ ਤੱਕ, ਚਹੁੰ ਕੂਟੀਂ ਫੈਲਣਾ, ਸਲੀਬ ਨਾਲ ਟਕਰਾਵਾਂ ਰਿਸ਼ਤਾ ਰੱਖਣ ਵਾਲੇ ਸ਼ਬਦਾਂ ਹੀ ਵਿਸ਼ੇਸ਼ਤਾ ਹੁੰਦੀ ਹੈ- ਰੱਜੇ ਪੁੱਜੇ ਅਮੀਰ ਸ਼ਬਦਾਂ ਨੂੰ ਕਿਸੇ ਫੈਲਾਓ ਦੀ ਜ਼ਰੂਰਤ ਹੀ ਨਹੀਂ ਹੁੰਦੀ, ਉਹ ਆਪਣੇ ਆਪ ਤੱਕ ਹੀ ਸੀਮਤ ਰਹਿੰਦੇ ਹਨ। ਏਸੇ ਕਰਕੇ ਸਲੀਬਾਂ ਨੂੰ ਅਜਿਹੇ ਸ਼ਬਦਾਂ ਦੀ ਉਡੀਕ ਨਹੀਂ ਹੁੰਦੀ, ਅਜਿਹੇ ਸ਼ਬਦਾਂ ਦਾ ਸਲੀਬ ਨਾਲ ਟਕਰਾਵਾਂ ਰਿਸ਼ਤਾ ਨਹੀਂ ਹੁੰਦਾ।
ਸਲੀਬਾਂ ਨਾਲ ਟਕਰਾਵਾਂ ਰਿਸ਼ਤਾ ਸਥਾਪਿਤ ਕਰਨ ਵਾਲੇ, ਸਹਿਰਾਅ ਦੇ 'ਸ਼ਬਦਾਂ' ਦੀ ਇਕ ਹੋਰ ਵਿਸ਼ੇਸ਼ਤਾ ਵੀ ਧਿਆਨਯੋਗ ਹੈ. ਇਹ ਸ਼ਬਦ ਹੱਸਦੇ ਹਨ, ਇਹ ਸ਼ਬਦ ਗਾਉਂਦੇ ਹਨ, ਇਹ ਸ਼ਬਦ ਨੱਚਦੇ ਹਨ। ਸਲੀਬਾਂ ਦੇ ਰੂਥਰੂ 'ਹੱਸਣ ' 'ਨੱਚਣ' ਅਤੇ 'ਗਾਉਣ' ਵਿਚ ਹੀ ਇਨਾਂ ਸ਼ਬਦਾਂ ਦੀ ਅਸਾਧਾਰਣਤਾ ਛੁਪੀ ਹੋਈ ਹੈ। ਅਜਿਹੇ ਸ਼ਬਦਾਂ ਦੇ ਸਲੀਬਾਂ ਨਾਲ ਟਕਰਾਵੇਂ ਰਿਸ਼ਤੇ ਦੇ ਉੱਘੜਵੇਂ ਲੱਛਣਾਂ ਨੂੰ ਇਸ ਸੰਗ੍ਰਹਿ ਦੀਆਂ ਹੋਰ ਕਵਿਤਾਵਾਂ 'ਚੋਂ ਵੀ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ:

1. ਨਾ ਵਕਤ ਜਿੱਤਿਆ/ਨਾ ਅਸੀਂ ਹਾਰੇ ਅਸੀਂ ਰਹੇ ਆਪਣੀ ਥਾਂ/ਉਹ ਆਪਣੀ ਥਾਂ ਤਣਿਆ ਵਕਤ ਸਾਡੇ ਲਈ/ਕੀ ਕੀ ਨਹੀਂ ਬਣਿਆ

(ਵਕਤ)

2. ਕਿੱਥੇ ਨੇ ਉਹ/ਚਾਨਣਾਂ ਦੇ ਕਾਤਲ ਜ਼ਿਹਨ ਦੇ ਮਰੀਜ਼/ਖ਼ੁਸ਼ਬੂ ਦੇ ਦੁਸ਼ਮਣ

ਕਾਲਖਾਂ ਦੇ ਸਾਥੀ

(ਕਿੱਥੇ ਨੇ ਉਹ)

3. ਇਹ ਸ਼ਹਿਰ, ਸ਼ਹਿਰ ਨਹੀਂ ਰਿਹਾ ਜੰਗਲ ਬਣ ਗਿਆ ਹੈ/ਜਿਸ ਵਿਚ ਮਾਸਖੋਰੇ ਜਾਨਵਰ ਰਾਜ ਕਰਦੇ ਹਨ ਤੇ ਰਾਜ ਦੇ ਨਸ਼ੇ ਵਿਚ/ਜਦੋਂ ਉਹ ਦਹਾੜਦੇ ਹਨ ਪਰਿੰਦੇ ਆਲ੍ਹਣੇ ਛੱਡ/ਪਰਵਾਜ਼ ਭਰਦੇ ਹਨ (ਵਾਸ਼ਿੰਗਟਨ ਡੀ ਸੀ.)

4. ਨੰਗ ਮੁਨੰਗੇ ਟਾਹਣਾਂ ਵੱਲ/ਦੋਸਤੀ ਦਾ ਹੱਥ ਵਧਾਵਾਂਗਾ ਦੂਰ ਦਿਸਹੱਦਿਆਂ ਵੱਲ ਦੌੜਦੀ ਉਨ੍ਹਾਂ ਦੀ ਨਜ਼ਰ ਸੰਗ ਦੌੜਦਾ ਹੋਇਆ ਲਾਲ, ਪੀਲੇ ਤੇ ਸਬਜ਼ ਪੱਤਿਆਂ ਨਾਲ/ਗੱਲ ਕਰਾਂਗਾ, ਜ਼ਿੰਦਗੀ ਦੀ/ਰੋਟੀ ਦੀ/ਮੁਹੱਬਤ ਦੀ/ਕਰਾਂਤੀ ਦੀ

(ਰੁੱਖ ਤੇ ਮੈਂ)

5. ਬਾਲਟੀਮੋਰ! ਮੇਰੇ ਪਿਆਰੇ ਸ਼ਹਿਰ ਤੈਨੂੰ ਮੈਂ ਕਿਸ ਰਿਸ਼ਤੇ ਨਾਲ ਮੁਖਾਤਿਬ ਹੋਵਾਂ!

(ਬਾਲਟੀਮੋਰ)

'ਸ਼ਬਦ' ਅਤੇ 'ਸਲੀਬਾਂ' ਦਾ 'ਰਿਸ਼ਤਾ' ਪਛਾਨਣਾ ਏਨਾ ਸੌਖਾ ਕਾਰਜ ਨਹੀਂ ਹੈ। ਏਸ ਕਰਕੇ ਕਵੀ ਜਦੋਂ ਆਪਣੇ ਸ਼ਹਿਰ ਬਾਲਟੀਮੋਰ (Baltimore) ਰਾਹੀਂ 'ਕਿਸੇ ਵੀ ਸ਼ਹਿਰ' ਨੂੰ ਮੁਖਾਤਿਬ ਹੁੰਦਾ ਹੈ, ਤਾਂ ਇਹ ਸ਼ਹਿਰ ਕਦੇ ਨਿਰਾ ਪੁਰਾ ਮਾਸ਼ੂਕ ਲਗਦਾ ਹੈ, ਕਦੇ ਮਾਣਮੱਤਾ ਪੁੱਤਰ ਲਗਦਾ ਹੈ, ਕਦੇ ਵੇਸਵਾ, ਕਦੇ ਮੰਗਤਾ ਅਤੇ ਕਦੇ ਬੇਰਹਿਮ ਲੁਟੇਰਾ ਲਗਦਾ ਹੈ। ਬਾਲਟੀਮੋਰ' ਕਵਿਤਾ ਦਾ ਉਪਰੋਕਤ ਆਖ਼ਰੀ-ਪੈਰਾ 'ਰਿਸ਼ਤੇ' ਨੂੰ ਪਛਾਨਣ ਦੇ ਇਸ ਔਖੇ ਕਾਰਜ ਵੱਲ ਧਿਆਨ ਦਿਵਾਉਂਦਾ ਹੈ। ਕਿਸੇ ਕਵਿਤਾ ਦੇ 'ਸਨੇਹੇ' ਨੇ, ਬਹੁਤੀ ਵਾਰੀ, ਆਖ਼ਰੀ ਪੈਰੇ ਵਿਚ ਹੀ ਆਪਣੇ 'ਅਰਥ' ਗ੍ਰਹਿਣ ਕਰਨੇ ਹੁੰਦੇ ਹਨ- ਇਹ ਮਹਿਜ਼ ਇਤਫ਼ਾਕ ਨਹੀਂ ਕਿ ਉਪਰੋਕਤ ਪੰਜ ਕਾਵਿ-ਟੁਕੜੇ, ਸੰਬੰਧਿਤ ਕਵਿਤਾਵਾਂ ਦੇ ਆਖ਼ਰੀ ਪੈਰੇ ਹਨ।

ਹਰ ਕਵੀ, ਕਵਿਤਾ ਦੀ ਆਪਣੀ ਇਕ ਪਰਿਭਾਸ਼ਾ ਸਿਰਜਦਾ ਹੈ। ਇਹ ਪਰਿਭਾਸ਼ਾ ਅਚੇਤ ਜਾਂ ਸੁਚੇਤ ਰੂਪ ਵਿਚ ਕਵੀ ਦੀਆਂ ਰਚਨਾਵਾਂ ਵਿਚ ਪ੍ਰਗਟ ਹੁੰਦੀ ਰਹਿੰਦੀ ਹੈ। ਨਿਰਸੰਦੇਹ, ਇਹ ਪਰਿਭਾਸ਼ਾ ਕਵੀ ਦੇ ਸਮੁੱਚੇ ਸਿਰਜਣਾਤਮਕ ਵਿਵੇਕ ਤੱਕ ਪਹੁੰਚਣ ਲਈ ਸਾਡੀ ਮੱਦਦਗਾਰ ਹੋ ਸਕਦੀ ਹੈ। ਸਹਿਰਾਅ ਵੱਲੋਂ ਸ਼ਬਦਾਂ/ਕਿਤਾਬਾਂ/ਨਜ਼ਮਾਂ/ਗੀਤਾਂ/ਕਲਮਕਾਰਾਂ/ਕਲਮਾਂ/ਹਰਫ਼ਾਂ ਦੇ ਸ਼ਬਦ ਚਿੱਤਰਾਂ ਰਾਹੀਂ ਨਿਸ਼ਚਿਤ ਕੀਤੀ ਗਈ ਕਾਵਿ-ਪਰਿਭਾਸ਼ਾ ਨੂੰ ਖੋਜਦੇ ਸਮੇਂ ਉਸਦੀਆਂ ਪੰਜ ਕਵਿਤਾਵਾਂ ਸਾਡਾ ਵਿਸ਼ੇਸ਼ ਧਿਆਨ ਖਿੱਚਦੀਆਂ ਹਨ। ਇਨ੍ਹਾਂ ਕਵਿਤਾਵਾਂ ਦੇ ਕੁਝ ਕਾਵਿ-ਅੰਗ ਹਨ:

1. ਸ਼ਬਦਾਂ ਦੇ ਕੰਨੀਂ ਪੈਂਦੀ ਹੈ ਜਦ ਧਰਤੀ ਦੀ ਕਿਸੇ ਵੀ ਨੁਕਰੋਂ/ਉੱਠਦੀ ਹੋਈ ਹੂਕ ਸ਼ਬਦ ਵਿਲਕਦੇ ਹਨ/ਸ਼ਬਦ ਤੜਪਦੇ ਹਨ

ਮਹਿਕਦੇ ਪਲਾਂ 'ਚ/ਸ਼ਬਦ-ਮਹਿਬੂਬ ਦਿਆਂ ਬੁੱਲ੍ਹਾਂ 'ਤੇ/ਚੁੰਮਣਾਂ ਦੀ ਝੜੀ ਲਾਵਣ

(ਰਿਸ਼ਤਾ ਸ਼ਬਦ ਸਲੀਬਾਂ ਦਾ)

2.

ਕਲਾਸਰੂਮਾਂ 'ਚ

ਵਰ੍ਹਿਆਂ ਤੋਂ ਸਹਿਮੀਆਂ ਕਿਤਾਬਾਂ ਨੂੰ ਚੇਤਨਾ ਦੀ ਲਾਟ ਲਾਈ ਤਾਂ ਸ਼ਬਦ ਦਗਦੇ ਅੰਗਿਆਰ ਬਣ ਗਏ।

ਉਦਾਸ ਨਜ਼ਮਾਂ ਨੂੰ/ਲਹੂ ਦੀ ਸਿਆਹੀ ਨਾਲ ਲਿਖਿਆ ਤਾਂ ਉਹ ਰੋਹੀਲੀਆਂ ਬਣ ਗਈਆਂ ਰੋਂਦੇ ਹੋਏ ਗੀਤਾਂ ਨੂੰ/ਕਾਫ਼ਲਿਆਂ ਨਾਲ ਤੋਰਿਆ ਤਾਂ ਉਨ੍ਹਾਂ ਅੰਦਰ ਜ਼ਿੰਦਗੀ ਧੜਕ ਉੱਠੀ।

(ਪਾਬੰਦੀਆਂ)

3. ਕਿੱਥੇ ਨੇ ਉਹ

ਸ਼ਬਦਾਂ ਦੀ ਲੋਅ ਨਾਲ/ਜਿਸਮ ਝੁਲਸਦੇ ਲੱਗੇ ਤਾਂ ਸੰਗੀਨਾਂ ਦੇ ਮੂੰਹ/ਕਲਮਕਾਰਾਂ ਵੱਲ ਕਰ ਦਿੱਤੇ।

(ਕਿੱਥੇ ਨੇ ਉਹ)

4. ਇਸ ਧਰਤੀ ਤੇ

ਕਲਮਾਂ ਤਾਂ ਹੋਈਆਂ ਹਨ ਪਰ ਬਾਂਝ ਨਹੀਂ ਹੋਈਆਂ ਬੱਸ ਜੇ ਚਾਹੀਦੇ ਹਨ ਤਾਂ ਕੁਝ ਮਿੱਤਰ ਪਿਆਰੇ ਤੇ ਕੁਝ ਹਰਫ਼ ਉਧਾਰੇ।

(ਕੁਝ ਹਰਫ਼ ਉਧਾਰੇ)

5.

ਸਾਂਭ ਲੈਂਦੇ ਨੇ ਲੋਕ ਜਿਵੇਂ

ਗਹਿਣੇ ਤੇ ਹੋਰ ਨਿੱਕ-ਸੁੱਕ ਬੈਂਕ ਦਿਆਂ ਲਾਕਰਾਂ ਅੰਦਰ ਮੇਰੇ ਕੋਲ ਕੁਝ ਨਜ਼ਮਾਂ ਹਨ/ਮੇਰੀ ਜਾਇਦਾਦ ਸਾਂਭ ਲੈ ਨਾ ਤੂੰ/ਆਪਣੇ ਜਿਹਨ ਦੇ ਲਾਕਰ ਅੰਦਰ

(ਲਾਕਰ ਤੇ ਜਾਇਦਾਦ)

ਇਕ ਸ਼ਾਇਰ ਵਾਸਤੇ ਨਜ਼ਮਾਂ ਤੋਂ ਵੱਡੀ ਹੋਰ ਕੋਈ ਜਾਇਦਾਦ ਨਹੀਂ ਹੁੰਦੀ। ਉਹਦੇ ਕੋਲ ਏਸ ਤੋਂ ਵੱਡੀ ਹੋਰ ਕੋਈ ਤਮੰਨਾ ਨਹੀਂ ਹੁੰਦੀ ਕਿ ਕੋਈ ਉਹਦੀਆਂ ਨਜ਼ਮਾਂ ਨੂੰ ਆਪਣੇ ਜ਼ਿਹਨ ਦੇ ਲਾਕਰ ਅੰਦਰ ਸਾਂਭ ਲਏ। ਇਸ ਸੰਗ੍ਰਹਿ ਦੀ ਆਖ਼ਰੀ ਕਵਿਤਾ 'ਲਾਕਰ ਤੇ ਜਾਇਦਾਦ' ਵਿਚ 'ਸਾਹਿਤ ਦੀ ਸਾਹਿਤਿਕਤਾ' ਨੂੰ ਪ੍ਰਮੁੱਖ ਸਥਾਨ ਹਾਸਲ ਹੈ- ਪ੍ਰਮਾਣਿਕ ਸਾਹਿਤ ਦਾ ਇਹ ਇਕ ਬਹੁਤ ਵੱਡਾ ਗੁਣ ਹੁੰਦਾ ਹੈ।

ਸਹਿਰਾਅ ਦੀਆਂ ਉਪਰੋਕਤ ਕਾਵਿ-ਟੁਕੜੀਆਂ ਜਿਥੇ ਸਾਨੂੰ ਸਹਿਰਾਅ ਦੀ ਸਿਰਜੀ ਹੋਈ ਕਵਿਤਾ ਦੀ ਪਰਿਭਾਸ਼ਾ ਦੀ ਵਿਸ਼ਾਲਤਾ ਨਾਲ ਜੋੜਦੀਆਂ ਹੋਈਆਂ ਉਸਦੇ ਸਿਰਜਣਾਤਮਕ ਵਿਵੇਕ ਦੀ ਟੋਹ ਦਿੰਦੀਆਂ ਹਨ, ਉਥੇ ਇਹ ਕਵਿਤਾਵਾਂ ਰੀਕਾਰੀ ਕਵਿਤਾ ਦੀ ਪਰਿਭਾਸ਼ਾ ਨੂੰ ਵਿਸ਼ਾਲ ਕਰਨ ਵਿਚ ਆਪਣਾ ਕਾਵਿ-ਸ਼ਾਸਤਰੀ ਯੋਗਦਾਨ ਪਾਉਣ ਦੀ ਸਮਰੱਥਾ ਵੀ ਰੱਖਦੀਆਂ ਹਨ।

ਸਹਿਰਾਅ ਪਾਸ਼ ਦੇ ਨੇੜਲੇ ਸਾਥੀਆਂ ਵਿਚੋਂ ਇਕ ਹੈ ਪੰਜਾਬ ਦੀ ਇਨਕਲਾਬੀ ਲਹਿਰ ਨਾਲ ਜੁੜਿਆ ਰਿਹਾ ਹੈ, ਪੰਜਾਬ ਸਟੂਡੈਂਟ ਯੂਨੀਅਨ ਦਾ ਸੂਬਾ ਪ੍ਰਧਾਨ ਰਿਹਾ ਹੈ, ਪਿੰਡ ਦਾ ਸਰਪੰਚ ਰਿਹਾ ਹੈ, ਐਮਰਜੈਂਸੀ ਦੇ ਕਾਲੇ ਦੌਰ ਸਮੇਂ ਜੇਲ ਵਿਚ ਰਿਹਾ ਹੈ। ਇਹ ਸਭ ਵੇਰਵੇ ਹਥਲੇ ਵਿਸ਼ਲੇਸ਼ਣ ਦੇ ਅੰਤ ਵਿਚ ਦੱਸੇ ਜਾ ਰਹੇ ਹਨ- ਆਰੰਭ ਵਿਚ ਇਹ ਹੇਰਵੇ ਦੱਸਕੇ ਮੈਂ ਉਸਦੀ ਕਵਿਤਾ ਉਤੇ ਲੱਦਣੇ ਨਹੀਂ ਸੀ ਚਾਹੁੰਦਾ- ਕਵਿਤਾ ਦੇ ਇਕਾਲਕ (Synchronic) ਅਧਿਐਨ ਵਾਸਤੇ ਅਜਿਹੇ ਵੇਰਵਿਆਂ ਦੀ ਦਖ਼ਲ ਅੰਦਾਜ਼ੀ ਤੋਂ ਬਚਣਾ ਜ਼ਰੂਰੀ ਹੁੰਦਾ ਹੈ। ਤਸੱਲੀ ਵਾਲੀ ਗੱਲ ਇਹ ਹੈ ਕਿ ਸਹਿਰਾਅ ਦੇ ਇਹ ਰਾਜਨੀਤਕ ਅਮਲ, ਕਲਾਸਰੂਮਾਂ 'ਚ ਵਰ੍ਹਿਆਂ ਤੋਂ ਸਹਿਮੀਆਂ ਕਿਤਾਬਾਂ ਨੂੰ ਚੇਤਨਾ ਦੀ ਲਾਟ ਲਾ ਕੇ ਸ਼ਬਦਾਂ ਨੂੰ ਦਗਦੇ ਅੰਗਿਆਰ ਬਣਾਉਣ ਵਰਗੇ ਸ਼ਬਦ ਚਿੱਤਰਾਂ ਰਾਹੀਂ ਉਸਦੇ ਸਿਰਜਣਾਤਮਕ ਵਿਵੇਕ ਦਾ ਅਨਿੱਖੜਵਾਂ ਅੰਗ ਬਣਕੇ ਉਸਦੀ ਕਵਿਤਾ ਵਿਚ ਏਸ ਤਰ੍ਹਾਂ ਸਮਾ ਚੁੱਕੇ ਹਨ, ਕਿ ਉਸਦੀ ਕਵਿਤਾ ਦੇ ਅਧਿਐਨ ਸਮੇਂ ਸਾਨੂੰ ਅਜਿਹੇ ਕਿਸੇ ਬਾਹਰਲੇ ਵੇਰਵੇ ਦੀ ਜ਼ਰੂਰਤ ਨਹੀਂ ਪੈਂਦੀ। ਪ੍ਰਮਾਣਿਕ ਕ੍ਰਾਂਤੀਕਾਰੀ ਕਵਿਤਾ ਦੀ ਏਹੋ ਪਛਾਣ ਹੁੰਦੀ ਹੈ। ਸਹਿਰਾਅ ਦੀਆਂ ਇਨ੍ਹਾਂ ਕਵਿਤਾਵਾਂ ਦੀ ਇਹ ਸਵੈ-ਭਰਪੂਰਤਾ ਹੀ ਉਸਦੇ ਇਸ ਕਾਵਿ-ਸੰਗ੍ਰਹਿ ਵਿਚਲੇ ਸਿਰਜਨਾਤਮਕ ਵਿਵੇਕ ਦੀ ਮੁੱਖ ਪਛਾਣ ਹੈ।

ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਸ਼ਬਦਾਂ ਅਤੇ ਸਲੀਬਾਂ ਦੇ ਟਕਰਾਵੇਂ ਰਿਸ਼ਤੇ ਨੂੰ ਪਰਿਭਾਸ਼ਿਤ ਕਰਦੀਆਂ ਹਨ, ਕੁਝ ਫਿਰਕੂ ਜਨੂੰਨ ਦੇ ਕਾਲੇ ਦੌਰ ਦੀ ਦਾਸਤਾਨ ਹਨ, ਕੁਝ 'ਘਰਾਂ ਦੇ ਘਰ ਨਾ ਰਹਿਣ' ਦੀ ਚਿੰਤਾ ਹਨ, ਕੁਝ ਸੁਹਾਵਣੇ ਪਲਾਂ ਵਾਂਗ ਕਲਪਨਾ ਦੇ ਖੁੱਲ੍ਹੇ ਆਕਾਸ਼ ਵਿਚ ਵਿਚਰਦੀਆਂ ਹਨ। 'ਬਦਲਦੀ ਰੁੱਤ', 'ਉਹੀਓ ਪਲ ਸੁਹਾਵਣੇ', 'ਰੁੱਖ ਤੇ

ਕਾਮੇ' ਕਵਿਤਾਵਾਂ, ਕਾਮਿਆਂ ਦੇ ਵਿਸ਼ੇਸ਼ ਜ਼ਿਕਰ ਕਰਕੇ ਸਾਡਾ ਧਿਆਨ ਖਿੱਚਦੀਆਂ ਹਨ- ਅਜੀਬ ਤਰਾਸਦੀ ਹੈ ਕਿ ਅਮਰੀਕਾ ਦੇ ਬਹੁਤੇ ਪੰਜਾਬੀ ਸਾਹਿਤ ਵਿਚੋਂ ਕਾਮਿਆਂ ਦਾ ਜ਼ਿਕਰ ਦੁਰਲੱਭ ਹੀ ਹੁੰਦਾ ਜਾਂਦਾ ਹੈ। ਸਹਿਰਾਅ ਦੇ ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਉਤੇ ਇਸ ਪੰਛੀ-ਝਾਤ ਪਿੱਛੋਂ ਅਸੀਂ ਏਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਇਹ ਕਵਿਤਾਵਾਂ 'ਸ਼ਬਦਾਂ' ਅਤੇ 'ਸਲੀਬਾਂ' ਦੇ ਟਕਰਾਵੇਂ ਰਿਸ਼ਤੇ ਦੀਆਂ ਵੱਖ-ਵੱਖ ਪਰਤਾਂ ਫਰੋਲਦੀਆਂ ਹਨ। ਜਿਹੜੇ ਸ਼ਬਦਾਂ ਨੇ ਸਲੀਬਾਂ ਨਾਲ ਟਕਰਾਉਣਾ ਨਹੀਂ ਹੁੰਦਾ, ਸਲੀਬਾਂ ਨਾਲ ਆਪਣਾ ਰਿਸ਼ਤਾ ਜਾਨਣਾ/ਪਛਾਨਣਾ, ਉਨ੍ਹਾਂ ਸ਼ਬਦਾਂ ਦੀ ਲੋੜ ਹੀ ਨਹੀਂ ਹੁੰਦੀ- ਉਨ੍ਹਾਂ ਸ਼ਬਦਾਂ ਦੇ ਸਰੋਕਾਰ ਸਹਿਰਾਅ ਦੇ ਸ਼ਬਦਾਂ ਤੋਂ ਵੱਖਰੇ ਹੁੰਦੇ ਹਨ। ਸਹਿਰਾਅ ਦੇ ਸ਼ਬਦਾਂ ਦੇ ਕਾਵਿ-ਸੁਨੇਹੇ, ਇਨ੍ਹਾਂ 'ਅਰਥਾਂ' ਵਿਚ ਹੀ ਸਿਰਜਣਾਤਮਕ ਵਿਵੇਕ ਗ੍ਰਹਿਣ ਕਰਦੇ ਹਨ।

ਕਵਿਤਾ, ਨਾਟਕ ਅਤੇ ਸੰਗੀਤ ਨਾਲ ਜੁੜਿਆ ਹੋਇਆ ਸਪੇਨੀ ਲੇਖਕ ਲੋਰਕਾ, 1929-30 ਵਿਚ ਸਹਿਰਾਅ ਦੇ ਸ਼ਹਿਰ ਬਾਲਟੀਮੋਰ ਦੇ ਨੇੜੇ ਨਿਊਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਪੜ੍ਹਦਾ ਹੁੰਦਾ ਸੀ । ਲੋਰਕਾ ਵਰਗੇ 'ਸ਼ਬਦ' ਨੂੰ 'ਸਲੀਬ' ਨੇ. ਗੋਲੀਆਂ ਦੀ ਸ਼ਕਲ ਧਾਰਨ ਕਰਕੇ, 19 ਅਗਸਤ 1936 ਨੂੰ, ਉਹਦੇ ਜਨਮ ਸਥਾਨ ਲਾਗੇ ਕਿਸੇ ਬੇਨਾਮ ਕਬਰ ਵਿਚ ਸੁੱਟ ਦਿੱਤਾ ਸੀ।

ਅੱਜ ਉਸੇ ਫੈਡਰੀਕੋ ਗਾਰਸੀਆ ਲੋਰਕਾ ਦਾ ਸੌਵਾਂ ਜਨਮ ਦਿਨ ਹੈ।

ਸਹਿਰਾਅ ਦੀ ਸ਼ਬਦ ਅਤੇ ਸਲੀਬ ਦੇ ਰਿਸ਼ਤੇ ਨੂੰ ਸਮਝਣ ਲਈ ਯਤਨਸ਼ੀਲ ਕਵਿਤਾ ਨੂੰ ਲੋਰਕਾ ਦਾ ਸੌਵਾਂ ਜਨਮ ਦਿਨ ਮੁਬਾਰਕ !


ਸੁਰਿੰਦਰ ਧੰਜਲ,

ਡਿਪਾਰਟਮੈਂਟ ਆਫ ਕੰਪਿਊਟਿੰਗ ਸਾਇੰਸ, ਯੂਨੀਵਰਸਿਟੀ ਕਾਲਜ ਆਫ ਦੀ ਕੈਰਿਬੂ,

ਕੈਮਲੂਪਸ, ਕੈਨੇਡਾ

5 ਜੂਨ 1998

## ਰਿਸ਼ਤਾ ਸ਼ਬਦ ਸਲੀਬਾਂ ਦਾ

ਸ਼ਬਦਾਂ ਦੀ ਕੰਨੀਂ ਪਏ ਜਦ
ਧਰਤੀ ਦੀ ਕਿਸੇ ਵੀ ਨੁਕਰੋਂ
ਉਠਦੀ ਹੋਈ, ਹੂਕ
ਸ਼ਬਦ ਵਿਲਕਦੇ ਹਨ
ਸ਼ਬਦ ਤੜਪਦੇ ਹਨ
ਜ਼ਿਹਨ 'ਚ ਕੁਝ ਕਰਨ ਦੀ ਇੱਛਾ ਲੈ
ਸ਼ਬਦ ਤੁਰ ਪੈਂਦੇ ਹਨ
ਬਿਖੜਿਆਂ ਰਾਹਵਾਂ 'ਤੇ
ਅਤੇ ਤੁਰੇ ਜਾਂਦੇ ਹਨ

ਸਲੀਬਾਂ ਵੀ ਘੱਟ ਨਹੀਂ
ਮਾਲਕਾਂ ਦੀਆਂ ਵਫ਼ਾਦਾਰ
ਸ਼ਬਦਾਂ ਦੇ
ਖ਼ੂਨ ਦੀਆਂ ਤਿਹਾਈਆਂ
ਹਮੇਸ਼ਾ ਤਿਆਰ ਬਰ ਤਿਆਰ
ਸ਼ਬਦਾਂ ਨੂੰ ਖਾਣ
ਹਜ਼ਮ ਕਰਨ
ਤੇ ਫਿਰ ਭੁੱਖੀਆਂ ਦੀਆਂ ਭੁੱਖੀਆਂ

ਸ਼ਬਦ ਫਿਰ ਜੰਮਣ
ਸਲੀਬਾਂ ਦੀ ਈਨ ਨਾ ਮੰਨਣ
ਸ਼ਬਦਾਂ ਦੀ ਰੂਹ ਜ਼ਖ਼ਮੀ
ਸ਼ਬਦਾਂ ਦਾ ਪਿੰਡਾ ਜ਼ਖ਼ਮੀ
ਸ਼ਬਦਾਂ ਦਾ ਅੰਗ ਅੰਗ ਵਿੰਨ੍ਹਿਆਂ
ਪਰ
ਸ਼ਬਦ ਫਿਰ ਵੀ ਹੱਸਣ
ਰਤਾ ਕੁ ਵਿਹਲ ਮਿਲੇ

ਤਾਂ ਦੱਸਣ
ਕਿਵੇਂ ਸੀ ਹੋਇਆ
ਹਾਲ ਮੁਰੀਦਾਂ ਦਾ
ਸ਼ਾਇਦ ਇਸ ਤਰ੍ਹਾਂ ਦਾ ਹੈ
ਰਿਸ਼ਤਾ ਕੁਝ
ਸ਼ਬਦਾਂ ਤੇ ਸਲੀਬਾਂ ਦਾ

ਮਹਿਕਦੇ ਪਲਾਂ 'ਚ
ਸ਼ਬਦ-
ਮਹਿਬੂਬ ਦਿਆਂ ਬੁੱਲ੍ਹਾਂ 'ਤੇ
ਚੁੰਮਣਾਂ ਦੀ ਝੜੀ ਲਾਵਣ
ਬੇਲਿਆਂ 'ਚ ਗਾਵਣ
ਘਰੋਂ ਬੇਘਰ ਹੋ ਜਾਵਣ
ਹੁੰਦਾ ਹੈ ਜਿਸ ਤਰ੍ਹਾਂ
ਆਸ਼ਕਾਂ ਰਕੀਬਾਂ ਦਾ
ਸ਼ਾਇਦ ਇਸ ਤਰ੍ਹਾਂ ਦਾ ਹੈ
ਰਿਸ਼ਤਾ ਕੁਝ-
ਸ਼ਬਦਾਂ ਤੇ ਸਲੀਬਾਂ ਦਾ

ਮਸਤੀ ਦੇ ਪਲਾਂ 'ਚ
ਸ਼ਬਦ ਨੱਚਦੇ ਹਨ
ਸ਼ਬਦ ਟੱਪਦੇ ਹਨ
ਕਰ ਥਈਆ ਥਈਆ
ਰਬਾਬ ਸੰਗ-
ਸੁਰਾਂ ਮਿਲਾਉਂਦੇ ਹਨ
ਸਲੀਬਾਂ ਨਾਲ
ਸੰਵਾਦ ਰਚਾਉਂਦੇ ਹਨ
ਸਲੀਬਾਂ ਦੇ ਮਾਲਕ ਕੰਬਦੇ ਹਨ
ਅੰਤਰ ਭੈਅ ਲੁਕਾਵਣ ਲਈ

ਹੋਰ ਸਲੀਬਾਂ ਗੱਡਦੇ ਹਨ

ਚਹੁੰ ਕੂਟੀਂ ਫਿਰ

ਜੈ ਜੈ ਕਾਰ ਹੁੰਦੀ ਹੈ

ਜਿਵੇਂ ਕੋਈ ਆ ਰਿਹਾ ਹੋਵੇ ਹੜ੍ਹ

ਭੁੱਖੇ ਤਿਹਾਏ ਗਰੀਬਾਂ ਦਾ

ਸ਼ਾਇਦ ਇਸ ਤਰ੍ਹਾਂ ਦਾ ਹੈ

ਰਿਸ਼ਤਾ ਕੁਝ

ਸ਼ਬਦਾਂ ਤੇ ਸਲੀਬਾਂ ਦਾ।

*

**ਕਾਤਲ ਨਾਲ ਗੁਫ਼ਤਗੂ**

ਚਲੋ ਇਸ ਬਹਾਨੇ ਹੀ ਸਹੀ
ਤੁਹਾਡੇ ਨਾਲ-
ਗੁਫ਼ਤਗੂ ਕਰਨ ਦੀ ਵਜ੍ਹਾ ਤਾਂ ਬਣੀ

ਅਸੀਂ ਤੁਹਾਡੀ ਨੀਂਦ ਭੰਗ ਕੀਤੀ-
ਮੰਨਦੇ ਹਾਂ
ਤੁਹਾਡਾ ਜੀਣਾ ਹਰਾਮ ਕੀਤਾ
ਮੰਨਦੇ ਹਾਂ
ਤੁਹਾਡੇ ਰਾਹਾਂ 'ਚ ਕੰਡੇ ਬਣ ਉੱਗੇ
ਮੰਨਦੇ ਹਾਂ
ਤੁਹਾਡੇ ਧੂੰਆਂਧਾਰ ਭਾਸ਼ਣ ’ਤੇ
ਸਵਾਲੀਆ ਚਿੰਨ੍ਹ ਲਗਾਇਆ
ਮੰਨਦੇ ਹਾਂ
ਤੁਹਾਡੇ ਗੋਲ ਗਲਮੇ ਵਾਲੇ
ਕੋਟ 'ਤੇ ਸ਼ੇਰਵਾਨੀ 'ਤੇ ਥੁੱਕਿਆ
ਮੰਨਦੇ ਹਾਂ
ਤੁਹਾਡੀ ਸ਼ਰਮਨਾਕ ਪੇਸ਼ਕਸ਼ ਠੁਕਰਾਈ
ਇਕਬਾਲ ਕਰਦੇ ਹਾਂ

ਤੁਸੀਂ ਜੋ ਸਾਡਾ ਸਿਰ ਮੰਗਿਆ ਹੈ
ਹਾਜ਼ਰ ਹੈ
ਪਰ ਜਨਾਬ!
ਤੁਸੀਂ ਭੁੱਲਦੇ ਹੋ ਕਿ
ਅਸਾਡੇ ਅਸਲ ਸਿਰ ਤਾਂ
ਬਹੁਤ ਚਿਰ ਪਹਿਲਾਂ ਹੀ
ਟੁਕੜੇ ਟੁਕੜੇ ਹੋ ਕੇ
ਖੇਤਾਂ, ਕਾਰਖਾਨਿਆਂ ਤੇ ਸਕੂਲਾਂ 'ਚ

ਉੱਗ ਚੁੱਕੇ ਹਨ

ਜੋ ਸਾਡੇ ਮਕਤਲ ਤੱਕ ਪੁੱਜਣ

ਤੇ ਕਤਲ ਹੋਵਣ ਤੱਕ

ਏਕ ਤੋਂ ਅਨੇਕ ਬਣਕੇ

ਕਾਫ਼ਲੇ ਬਣ ਚੁੱਕਣਗੇ

ਤੁਸੀਂ ਅੱਜ ਕਤਲ ਕਰਨਾ ਹੈ

ਅਸੀਂ ਕੱਲ੍ਹ ਫੇਰ ਉੱਗਣਾ ਹੈ

ਜਿੰਨਾ ਵੀ ਕਤਲ ਕਰੋਗੇ

ਕਈ ਗੁਣਾਂ ਜ਼ਿਆਦਾ ਉੱਗਣਾ ਹੈ।

*

**ਪਾਬੰਦੀਆਂ**

(ਦਰਸ਼ਨ ਖਟਕੜ ਲਈ)

ਅਸੀਂ
ਜਿਹੜੀ ਵੀ ਗਲੀ 'ਚੋਂ ਲੰਘੇ
ਚਿੱਟ-ਕੱਪੜੇ ਸੂਹੀਆਂ ਜਿਹੀਆਂ
ਹਵਾਵਾਂ ਨੇ ਪਿੱਛਾ ਕੀਤਾ

ਹਨੇਰੀਆਂ ਰਾਤਾਂ ਵਿਚ
ਤੇ ਚਿੱਟਿਆਂ ਦਿਨਾਂ ਅੰਦਰ
ਪੈਰਾਂ ਨੂੰ ਬੋਚ-ਬੋਚ ਕੇ ਰੱਖਆ
ਕਿ ਖੜਾਕ ਹੋਵਣ ਨਾਲ
ਕੋਈ 'ਵਫ਼ਾਦਾਰ' ਜਾਗ ਨਾ ਉਠੇ
ਫਿਰ ਵੀ ਸ਼ੋਰ ਮਚ ਉੱਠਿਆ

ਕਲਾਸ ਰੂਮਾਂ 'ਚ
ਵਰ੍ਹਿਆਂ ਤੋਂ ਸਹਿਮੀਆਂ ਕਿਤਾਬਾਂ ਨੂੰ
ਚੇਤਨਾ ਦੀ ਲਾਟ ਲਾਈ
ਤਾਂ ਸ਼ਬਦ ਦਗਦੇ ਅੰਗਿਆਰ ਬਣ ਗਏ

ਖੇਤਾਂ ਦੇ ਸਿੱਟਿਆਂ ਦੀ
ਅਸੁਰੱਖਿਆ ਭਾਂਪੀ
ਤਾਂ ਦਾਤੀਆਂ ਨੂੰ
ਉਨ੍ਹਾਂ ਦੇ ਆੜੀ ਬਣਾਇਆ
ਤੇ ਉਹ ਮਾਣ ਮੱਤੇ ਹੋ ਗਏ
ਖਾਲੀ ਢਿੱਡਾਂ ਨੂੰ
ਭਰੇ ਗੁਦਾਮਾਂ ਵੱਲ
ਤੁਰਨ ਦੀ ਜਾਂਚ ਦੱਸੀ
ਤਾਂ ਅੱਟਣਾਂ ਨਾਲ ਭਰੇ ਰੁੱਖ

ਸੁੱਕਿਆਂ 'ਚ ਬਦਲ ਗਏ

ਉਦਾਸ ਨਜ਼ਮਾਂ ਨੂੰ
ਲਹੂ ਦੀ ਸਿਆਹੀ ਨਾਲ ਲਿਖਿਆ
ਤਾਂ ਉਹ ਰੋਹੀਲੀਆਂ ਬਣ ਗਈਆਂ
ਰੋਂਦੇ ਹੋਏ ਗੀਤਾਂ ਨੂੰ
ਕਾਫ਼ਲਿਆਂ ਨਾਲ ਤੋਰਿਆ
ਤਾਂ ਉਨ੍ਹਾਂ ਅੰਦਰ ਜ਼ਿੰਦਗੀ ਧੜਕ ਉੱਠੀ

ਪਰ ਅਸੀਂ-
ਜਿਸ ਵੀ ਪੜਾ 'ਤੇ ਰੁਕੇ
ਸਾਨੂੰ ਧਾਹ ਕੇ ਮਿਲੀਆਂ
ਸਲੀਬਾਂ ਟੰਗੀਆਂ
ਸਾਡੇ ਈ ਹਿੱਸੇ ਆਈਆਂ
ਕਿਉਂ ਇਹ ਪਾਬੰਦੀਆਂ।

*

**ਵਕਤ**

ਵਕਤ ਸਾਡੇ ਲਈ
ਕੀ ਕੀ ਨਹੀਂ ਬਣਿਆ
ਗੁਰਦਿਸ਼ ਦੇ ਦਿਨਾਂ 'ਚ
ਸਾਡੇ ਮੋਢਿਆਂ 'ਤੇ ਬਹਿ ਕੇ
ਤੂਫ਼ਾਨ ਵਾਂਗ ਝੁੱਲਿਆ
ਮਾਵਾਂ ਲਈ ਝੋਰੇ
ਬਾਪੂਆਂ ਲਈ ਕੁੱਬ
ਤੇ ਬੱਚਿਆਂ ਲਈ
ਡਰਾਉਣੇ ਸੁਪਨੇ ਬਣ ਕੇ ਆਇਆ

ਵਕਤ-
ਲਹਿਰਾਉਂਦੀਆਂ ਫ਼ਸਲਾਂ 'ਤੇ ਗੜ੍ਹੇ
ਚੋਂਦੀਆਂ ਛੱਤਾਂ ਲਈ ਮੀਂਹ
ਸਾਡੇ ਵਿਹੜਿਆਂ 'ਚ
ਸ਼ਾਹੂਕਾਰ ਦੇ
ਖੰਗੂਰੇ ਵਾਂਗ ਖੰਘਿਆ
ਸਾਨੂੰ ਡਿਗਿਆ ਤੱਕ ਕੇ
ਮੁਸਕਣੀ ਹੱਸਿਆ
ਸਾਡੀਆਂ ਛਾਤੀਆਂ ਉਪਰੋਂ
ਦਰੜ ਦਰੜ ਕਰ ਕੇ ਲੰਘਿਆ।

ਵਕਤ ਕਦੇ ਟੋਪੀਆਂ ਬਣਿਆ
ਕਦੇ ਪੱਗਾਂ
ਕਦੇ ਮਜ਼ਹਬ ਬਣ ਕੇ
ਸਾਡੀ ਪਿੱਠ ਤੇ ਉੱਗਿਆ
ਕਦੇ ਬਣਿਆ ਸਰਹੱਦਾਂ

ਵਕਤ ਬਜ਼ਿਦ ਸੀ
ਸਾਨੂੰ ਨਿਵਾਵਣ ਲਈ
ਅਸਾਡਾ ਹਠ ਸੀ
ਆਪਣੀ ਜ਼ਿਦ ਪੁਗਾਵਣ ਲਈ
ਨਾ ਕਰਨਾ ਰਾਜ਼ੀਨਾਮਾ
ਵਕਤ ਦੇ ਨਾਲ
ਨਾ ਵਕਤ ਜਿੱਤਿਆ
ਨਾ ਅਸੀਂ ਹਾਰੇ
ਅਸੀਂ ਰਹੇ ਆਪਣੀ ਥਾਂ
ਉਹ ਆਪਣੀ ਥਾਂ ਤਣਿਆ

ਵਕਤ ਸਾਡੇ ਲਈ
ਕੀ ਕੀ ਨਹੀਂ ਬਣਿਆ?

*

**ਸ਼ਹਿਰਾਂ ਨਾਲ ਮੋਹ**

ਇਕ ਅਰਸੇ ਬਾਅਦ
ਪਰਤ ਰਿਹਾ ਸਾਂ
ਉਸ ਸ਼ਹਿਰ ਵੱਲ
ਜਿਥੇ ਦੱਬ ਆਇਆ ਸਾਂ
ਬਹੁਤ ਸਾਰੇ ਪਲ

ਪਲ ਜੋ ਕੌੜੇ ਕਸੈਲੇ
ਖੱਟੇ ਮਿੱਠੇ
ਚਮਕੀਲੇ ਮੈਲ਼ੇ
ਹੱਦ 'ਚ ਦਾਖ਼ਲ ਹੁੰਦਿਆਂ
ਧੜਕਿਆ ਸੀ ਦਿਲ
ਜਿਵੇਂ ਕਦੇ ਧੜਕਦਾ ਸੀ
ਫਗਵਾੜੇ/ਜਲੰਧਰ ਲਈ
ਕੁਝ ਸੰਭਲਦਾ ਹਾਂ

ਸੋਚਦਾਂ
ਸ਼ਹਿਰਾਂ ਨਾਲ ਏਨਾ ਮੋਹ ਨਹੀਂ
ਪਾਉਣਾ ਚਾਹੀਦਾ
ਕਿਉਂਕਿ
ਸ਼ਹਿਰ ਕਿਸੇ ਦੇ ਮਿਤ ਨਹੀਂ ਹੁੰਦੇ
ਕਦੇ ਇਹ ਦਮੂੰਹੇਂ ਮਿੱਤਰਾਂ ਵਾਂਗ
ਪਿੱਠ ਤੇ ਹੱਸਦੇ ਹਨ
ਕਦੇ ਰਾਜ਼ਦਾਰ ਗੱਲਾਂ ਨੂੰ
ਸ਼ਰੇਆਮ ਦੱਸਦੇ
ਤੁਸੀਂ ਸ਼ਹਿਰਾਂ ਲਈ ਜ਼ਜਬਾਤੀ ਹੋ ਕੇ
ਹੜ੍ਹ ਵਾਂਗ ਵਗਦੇ
ਤੇ ਉਹ ਕਿਲੇ ਵਾਂਗ ਖੜ੍ਹੇ ਰਹਿੰਦੇ

ਖ਼ੁਸ਼ਆਮਦੀਦ ਅਲਵਿਦਾ ਵੀ

ਨਹੀਂ ਕਹਿੰਦੇ

ਮਸ਼ਰੂਫ਼ ਹੋ ਜਾਂਦੇ ਨੇ

ਆਉਣ ਵਾਲੇ

ਨਵੇਂ ਬਸ਼ਿੰਦਿਆਂ ਨਾਲ ।

*

**ਵਾਰਤਾਲਾਪ**

ਜੇ ਮੈਂ ਪਰਬਤ ਦੀ ਟੀਸੀ 'ਤੇ
ਜਾ ਖਲੋਵਾਂ
ਤੇ ਪੱਥਰਾਂ ਸੰਗ ਖਹਿ ਖਹਿ
ਸਲੇਟ ਬਣ ਜਾਵਾਂ
ਤਾਂ ਕੀ ਕਰੇਂਗਾ ਤੂੰ?

ਮੈਂ ਤੋਤਲੀ ਜਿਹੀ ਭਾਸ਼ਾ 'ਚ
ਇਬਾਰਤ ਲਿਖਾਂਗਾ
ਤੇਰਾ ਨਾਮ ਲਿਖਾਂਗਾ
ਤੇ ਫਿਰ ਲਿਖਾਂਗਾ...

ਜੇ ਮੈਂ ਜੰਗਲ ਵੱਲ ਦੌੜ ਜਾਵਾਂ
ਰੁੱਖਾਂ 'ਚ ਗੁੰਮ ਹੋ ਕੇ
ਰੁੱਖ ਬਣ ਜਾਵਾਂ
ਤਾਂ ਕੀ ਕਰੇਂਗਾ ਤੂੰ?

ਮੈਂ ਆਖਰੀ ਸਾਹ ਤੱਕ
ਉਸ ਰੁੱਖ ਹੇਠਾਂ ਬਹਿਕੇ
ਚੁੱਪ 'ਚੋਂ ਅਰਥ ਭਾਲਾਂਗਾ

ਜੇ ਮੈਂ ਦੌੜਦਿਆਂ ਹਫ਼ਦਿਆਂ
ਕਿਸੇ ਉਜਾੜ ਜਿਹੀ ਨੁਕਰ ਵਿਚ ਡਿੱਗ ਜਾਵਾਂ
ਤਾਂ ਫੇਰ ਧਰਤ ਦਾ ਅੰਗ ਬਣ ਜਾਵਾਂ
ਤਾਂ ਕੀ ਕਰੇਂਗਾ ਤੂੰ?
ਮੈਂ ਉਸ ਟੁਕੜੇ ਤੇ ਬਹਿ
ਤੇਰੀ ਉਡੀਕ 'ਚ ਔਸੀਆਂ ਪਾਵਾਂਗਾ

ਜੇ ਮੈਂ ਤੇਰੀਆਂ ਨਜ਼ਮਾਂ

ਕਿਤਾਬਾਂ 'ਚ ਗੁੰਮ ਜਾਵਾਂ

ਤੇ ਕੋਰਾ ਕਾਗਜ਼ ਬਣ ਨਿਕਲਾਂ

ਤਾਂ ਕੀ ਕਰੇਂਗਾ ਤੂੰ

ਉਸ ਕਾਗਜ਼ ਤੇ ਲਿਖਾਂਗਾ

ਮੈਂ ਇਕ ਹੋਰ ਨਜ਼ਮ

ਤੇ ਉਹ ਨਜ਼ਮ ਮੈਂ ਤੈਨੂੰ

ਸਮਰਪਿਤ ਕਰ ਦਿਆਂਗਾ।

*

**ਪੰਜਾਬ ਮੁੜ ਹੱਸਣਾ ਸਿੱਖ ਰਿਹਾ**

ਇਸ ਵਿਚ ਕੋਈ ਸ਼ੱਕ ਨਹੀਂ
ਅਜੇ ਵੀ
ਦੇਖੇ ਜਾ ਸਕਦੇ ਨੇ
ਉਸਦੇ ਪਿੰਡੇ ਉਪਰ
ਰਿਸਦੀਆਂ ਲਾਸਾਂ ਨੇ ਨਿਸ਼ਾਨ
ਪਰ ਪੰਜਾਬ ਹੁਣ
ਮੁੜ ਹੱਸਣਾ ਸਿੱਖ ਰਿਹਾ

ਕਿੰਨਾ ਕੁ ਜ਼ੁਲਮ ਸਹਿਆ ਹੈ
ਖੇਤਾਂ ਅਤੇ ਫ਼ਸਲਾਂ ਨੇ
ਕਿੰਨਾ ਕੁ ਜ਼ਬਰ ਝੱਲਿਆ ਹੈ
ਗਲੀਆਂ ਅਤੇ ਮੁਹੱਲਿਆਂ ਨੇ
ਇਹਦੀ ਪੜਤਾਲ ਕਰਨੇ ਦੀ
ਜ਼ਰੂਰਤ ਹੀ ਨਹੀਂ ਪੈਂਦੀ
ਅਣਬੋਲਿਆਂ ਹੀ ਦੱਸ ਦਿੰਦੇ ਹਨ
ਜਿਨ੍ਹਾਂ ਦੇ ਵਿਹੜਿਆਂ ਅੰਦਰ
ਉਤਰਦਾ ਰਿਹਾ ਹੈ ਖ਼ੌਫ ਬਣਕੇ
ਹਰ ਇਕ ਸ਼ਾਮ ਦਾ ਹਨੇਰਾ
ਤੇ ਜਿਨ੍ਹਾਂ ਦੀਆਂ ਛਾਤੀਆਂ ਅੰਦਰ
ਖੁੱਭਦੇ ਰਹੇ ਹਨ
ਧਰਮ 'ਤੇ ਸਿਆਸਤ ਦੇ ਦੋ-ਧਾਰੇ ਹਥਿਆਰ

ਪਰ ਹੁਣ ਪਿੰਡਾਂ ਦੇ ਪਹੇ ਤੇ ਸੱਥਾਂ
ਸ਼ਹਿਰਾਂ ਦੀਆਂ ਸੜਕਾਂ ਤੇ ਬਜ਼ਾਰ
ਖੁਰਲੀਆਂ ਤੇ ਬੱਛੇ
ਬੇਜ਼ਬਾਨ ਡੰਗਰ
ਰੱਖੜੀਆਂ ਨੂੰ ਹੱਥਾਂ 'ਚ ਲਈ

ਸਹਿਮੀਆਂ ਕੁੜੀਆਂ

ਡੌਰ ਭੌਰ ਅੱਖੀਆਂ ਨਾਲ

ਹਰ ਅਜ਼ਨਬੀ ਨੂੰ ਤੱਕਦੀਆਂ ਮਾਵਾਂ

ਤੇ ਮਿੱਟੀ 'ਚ ਖੇਡਦੇ ਤੋਤਲੇ ਬੱਚੇ

ਮੁੜ ਕੇ ਫਿਰ

ਮੁਸਕਰਾਉਣ ਲੱਗੇ ਨੇ

ਜਦੋਂ ਵੀ ਵਿਹਲ ਮਿਲਿਆ

ਬੀਤੇ ਤੇ ਝਾਤ ਮਾਰਨ ਦਾ

ਖ਼ੌਫ਼ਨਾਕ ਸਮਿਆਂ 'ਚ

ਰੁਲ ਗਏ ਹਾਸਿਆਂ ਤੋਂ

ਗਰਦਿਸ਼ ਉਤਾਰਨ ਦਾ

ਤਾਂ ਕਈ ਇੰਕਸ਼ਾਫ ਹੋਵਣਗੇ

ਕਈ ਨਾਕਾਬ ਲੱਥਣਗੇ

ਜਿਨ੍ਹਾਂ ਨੇ ਜ਼ਖ਼ਮ ਦਿੱਤੇ ਹਨ

ਉਨ੍ਹਾਂ ਨੂੰ ਜ਼ਖ਼ਮ ਮਿਲਣਗੇ

ਜਿਨ੍ਹਾਂ ਨੂੰ ਜ਼ਖ਼ਮ ਮਿਲੇ ਹਨ

ਉਹ ਹਿਸਾਬ ਮੰਗਣਗੇ

ਫਿਲਹਾਲ ਤਾਂ ਉਹ

ਮੁੜ ਹੱਸਣਾ ਸਿੱਖ ਰਿਹਾ।

*

**ਕਿੱਥੇ ਨੇ ਉਹ**

ਜਿਨ੍ਹਾਂ ਹੱਸਦਿਆਂ ਵਸਦਿਆਂ
ਵਿਹੜਿਆਂ ਅੰਦਰ
ਨਫ਼ਰਤ ਦੀਆਂ ਉਲਟੀਆਂ ਕਰ ਕਰ
ਚਿਰ ਰਹਿਣੀ
ਬਦਬੂ ਭਰਨ ਦੀ ਸਾਜ਼ਿਸ਼ ਰਚੀ

ਬਲਦਾਂ ਨੂੰ ਹਿੱਕਣ ਲਈ
ਪਰਾਣੀਆਂ ਫੜਦੇ ਹੱਥਾਂ ਵਿਚ
ਚਾਕੂ ਛੁਰੇ ਤੇ ਬੰਦੂਕਾਂ ਫੜਾ
ਆਦਮ-ਬੋ ਆਦਮ-ਬੋ ਕਰਦੇ
ਜਨੂੰਨੀਆਂ ਵਿਚ ਬਦਲ ਦਿੱਤਾ

ਸੂਰਜ ਚੜ੍ਹਨ 'ਤੇ ਅਸਤ ਹੋਵਣ ਜਿਹੇ
ਦਿਲਕਸ਼ ਕੁਦਰਤੀ ਸਮੇਂ ਖੋਹ ਕੇ
ਅੰਦਰੋਂ ਕੁੰਡੀਆਂ ਮਾਰ
ਘਰਾਂ ਅੰਦਰ ਕੈਦੀ ਬਣਨ ਲਈ
ਮਜ਼ਬੂਰ ਕਰ ਦਿੱਤਾ

ਕਿੱਥੇ ਨੇ ਉਹ
ਜਿਨ੍ਹਾਂ ਰੱਬ ਦੇ ਨਾਮ 'ਤੇ
ਸ਼ੁਰੂ ਕੀਤੇ 'ਜਹਾਦ' ਨਾਲ
ਰੱਬ ਦਿਆਂ ਬੰਦਿਆਂ ਨੂੰ
ਲੂਲ੍ਹੇ ਲੰਗੜੇ ਬਣਾ ਛੱਡਿਆ
ਤੇ ਬਾਲ ਮਨਾਂ ਨੂੰ
ਸਹਿਮ ਦਾ
ਸਦੀਵੀ ਸਰਾਪ ਦੇ ਦਿੱਤਾ

ਸ਼ਬਦਾਂ ਦੀ ਲੋਅ ਨਾਲ

ਜਿਸਮ ਝੁਲਸਦੇ ਲੱਗੇ
ਤਾਂ ਸੰਗੀਨਾਂ ਦੇ ਮੂੰਹ
ਕਲਮਕਾਰਾਂ ਵੱਲ ਕਰ ਦਿੱਤੇ।

ਕਿੱਥੇ ਨੇ ਉਹ
ਚਾਨਣਾਂ ਦੇ ਕਾਤਲ
ਜ਼ਿਹਨ ਦੇ ਮਰੀਜ਼
ਖ਼ੁਸ਼ਬੂ ਦੇ ਦੁਸ਼ਮਣ
ਕਾਲਖਾਂ ਦੇ ਸਾਥੀ।

*

**ਡਾਕੀਆ**

ਡਾਕੀਆ ਜਦ ਵੀ ਆਉਂਦਾ ਹੈ
ਉਸਦਾ ਝੋਲਾ ਜਾਂ ਗੱਡੀ
ਢੋਲ ਦੀਆਂ ਚਿੱਠੀਆਂ ਨਾਲ ਨਹੀਂ
ਜੰਕ ਮੇਲ ਨਾਲ ਭਰੀ ਹੁੰਦੀ ਹੈ

ਜਾਂ ਉਹ ਲਿਆਉਂਦਾ ਹੈ
ਬਿੱਲਾਂ ਦੇ ਭੁਗਤਾਨ ਵਾਲੇ ਲਿਫ਼ਾਫ਼ੇ
ਜੋ ਮਹੀਨਾ ਭਰ
ਸੋਚ ਦੀਆਂ ਕੰਧਾਂ ਸੰਗ
ਚੰਬੜੇ ਰਹਿੰਦੇ ਹਨ
ਚੰਮਜੂਆਂ ਦੀ ਤਰ੍ਹਾਂ

ਬਜ਼ੁਰਗ ਉਡੀਕਦੇ ਹਨ
ਮਹੀਨੇ 'ਚ ਇਕੇਰਾਂ ਆਉਂਦੇ
ਪੈਨਸ਼ਨ ਜਾਂ ਵੈਲਫੇਅਰ ਦੇ ਚੈੱਕ
ਤੇ ਕੋਈ ਮੇਰੇ ਜਿਹਾ
ਅਖ਼ਬਾਰਾਂ, ਰਿਸਾਲਿਆਂ ਦੀ ਝਾਕ ਵਿਚ
ਜਾਂ ਸਾਹਿਤਕ ਦੋਸਤਾਂ ਦੇ
ਦੋ-ਚਾਰ ਸਤਰੇ ਖ਼ਤਾਂ ਦੀ ਤਾਕ ਵਿਚ
ਉਡੀਕਦਾ ਹੈ ਡਾਕੀਏ ਨੂੰ

ਡਾਕੀਆ ਜਦ ਵੀ ਆਉਂਦਾ ਹੈ
ਬੱਚੇ ਖਿੜਕੀਆਂ 'ਚੋਂ ਤੱਕ ਕੇ
ਬਾਹਰ ਭੱਜਦੇ ਹਨ
ਉਸਦੇ ਹੱਥੋਂ ਮੇਲ ਦਾ ਥੱਬਾ ਫੜਦੇ ਹਨ
ਵੱਡਿਆਂ ਦੇ ਦਿਲਾਂ 'ਚ ਹਲਚਲ ਹੁੰਦੀ ਹੈ

ਉਹ ਪਲ ਦੋ ਪਲ ਰੁਕਦਾ ਹੈ

ਸਾਈਡਵਾਲ 'ਤੇ ਖੜ੍ਹਿਆਂ ਨੂੰ
ਹੱਥ ਹਿਲਾਉਂਦਾ ਮੁਸਕਾਨ ਵੰਡਦਾ
ਤੇ ਗੱਡੀ ਮੂਹਰੇ ਟੱਪਦਿਆਂ ਨੂੰ
ਕਹਿਰੀ ਅੱਖੇ ਤੱਕਦਾ ਹੈ

ਉਹ ਕਰੇ ਵੀ ਤਾਂ ਕੀ ਕਰੇ
ਕੰਪਿਊਟਰ ਦੇ ਇਸ ਯੁੱਗ ਵਿਚ
ਭੁੱਲਦੇ ਜਾ ਰਹੇ ਨੇ ਲੋਕ
ਖ਼ਤ ਲਿਖਣ ਦੀ ਜਾਚ
ਆਹਿਸਤਾ ਆਹਿਸਤਾ

ਪਤਾ ਨਹੀਂ ਕਿਉਂ
ਫਿਰ ਵੀ
ਡਾਕੀਏ ਦੀ ਉਡੀਕ ਰਹਿੰਦੀ ਹੈ।

*

**ਘਰ (1)**

ਬਿਜਲਈ ਤਾਰਾਂ ਵਾਲੇ

ਸੁਰੱਖਿਆ ਅਲਾਰਮ

ਤਾਂ ਸਿਰਫ਼ ਦਿਖਾਵਾ ਹਨ

ਨਿਰਾ ਭਰਮ ਜਲ

ਘਰਾਂ ਨੂੰ ਖ਼ਤਰਾ ਹੈ ਅੱਜ ਕੱਲ੍ਹ

ਘਰ ਦੀਆਂ ਹੀ ਦੀਵਾਰਾਂ ਦੇ ਹੱਥੋਂ

ਚੋਰ ਡਾਕੂ ਤੇ ਲੁਟੇਰੇ

ਜਾਂ ਜਬਰ ਜਿਨਾਹ ਕਰਨ ਵਾਲੇ ਤਾਂ

ਮੌਕਾ ਤਾੜ ਕੇ ਵੜਦੇ ਹਨ

ਗੁਆਂਢ 'ਚ ਕੁੱਤਾ ਭੌਂਕਣ ’ਤੇ

ਨਿੱਕਾ ਜਿਹਾ ਖੜਾਕ ਹੋਵਣ 'ਤੇ

ਉਨ੍ਹਾਂ ਦੇ ਪੈਰ ਖੜ੍ਹਦੇ ਹਨ

ਘਰ ਲੁੱਟੇ ਜਾ ਰਹੇ ਨੇ ਹੁਣ ਤਾਂ

ਘਰ ਦਿਆਂ ਹੀ ਜੀਆਂ

ਮਿਹਰਬਾਨਾਂ ਤੇ ਰਿਸ਼ਤੇਦਾਰਾਂ ਹੱਥੋਂ

ਖ਼ੁਦ ਦੀਵਾਰਾਂ ਹੱਥੋਂ

ਬੀਵੀ ਦੇ ਡਰੈਸਿੰਗ ਟੇਬਲ 'ਤੇ

ਸਜਿਆ ਮੇਕਅੱਪ ਦਾ ਸਮਾਨ

ਬੱਚਿਆਂ ਦੇ ਕਮਰਿਆਂ 'ਚ

ਮਹਿੰਗੇ ਭਾਅ ਦੀਆਂ

ਨਨਟੈਂਡੋ ਤੇ ਸੈਗਾ ਦੀਆਂ ਟੇਪਾਂ

ਤੇ ਮਰਦਾਂ ਦੇ ਹੱਥ 'ਚ

ਛਲਕਦੀ ਵਿਸਕੀ ਦੇ ਗਲਾਸ

ਜਦ ਤਕਰਾਰ ਕਰਦੇ ਹਨ

ਤਾਂ ਘਰ ਅੰਦਰ ਇਕ ਨਹੀਂ

ਕਈ ਕਈ 'ਟਰਨੈਡੋ' ਆ ਵੜਦੇ ਹਨ

ਫਿਰ ਸਦੀਆਂ ਪੁਰਾਣੀ

ਸੱਭਿਅਤਾ ਕੰਬਦੀ ਹੈ

ਕਿਤਾਬੀ ਇਲਮ ਦੀ

ਜ਼ੰਗਾਲੀ ਹੋਈ ਛਿਲਤਰ

ਬੱਚਿਆਂ ਦੇ ਅਲੂੰਏਂ ਜਿਹੇ

ਦਿਲ 'ਚ ਖੁੱਭਦੀ ਹੈ

ਤੇ ਕਲਮ ਸਹਿਮ ਜਾਂਦੀ ਹੈ

ਸਹਿਮ ਜਾਂਦੇ ਨੇ ਜਿਵੇਂ ਲੋਕ

ਨਿਪੁੰਸਕ ਸਰਕਾਰਾਂ ਦੇ ਹੱਥੋਂ

ਘਰ ਲੁੱਟ ਰਹੇ ਨੇ ਅੱਜ ਕੱਲ੍ਹ

ਖ਼ੁਦ ਦੀਵਾਰਾਂ ਦੇ ਹੱਥੋਂ।

*

**ਘਰ (2)**

ਘਰ ਹੁਣ
ਘਰ ਨਹੀਂ ਰਹੇ
ਸ਼ੈਲਫ਼ਾਂ 'ਤੇ ਸਜੇ ਹੋਏ ਖਿਡੌਣੇ
ਕੰਧਾਂ 'ਤੇ ਲਟਕਦੇ ਪੋਰਟਰੇਟ
ਜਾਂ ਮਿਊਜ਼ੀਅਮ ਵਿਚ ਸਾਂਭੀਆਂ
ਐਂਟੀਕ ਵਸਤਾਂ ਜਿਹੇ ਬਣ ਗਏ ਹਨ

ਦਹਿਲੀਜ਼ਾਂ
ਬਿਨ ਦੱਸੇ ਆਇਆਂ ਪ੍ਰਾਹੁਣਿਆਂ ਨੂੰ
ਗਲਵੱਕੜੀ ਨਾਲ ਨਹੀਂ
ਮੱਥੇ 'ਤੇ ਤਿਉੜੀਆਂ
ਤੇ ਬੁੱਲ੍ਹਾਂ 'ਤੇ ਝੂਠੀ ਮੁਸਕਾਨ
ਨਾਲ ਮਿਲਦੀਆਂ ਹਨ

ਬਾਲਕੋਨੀਆਂ, ਵਿਹੜਿਆਂ 'ਚ
ਖਿੜੇ ਹੋਏ ਫੁੱਲ
ਆਪਣੀ ਮਹਿਕ 'ਤੇ ਰੋਂਦੇ ਹਨ
ਕਿਸੇ ਕੋਲ ਵਿਹਲ ਹੀ ਨਹੀਂ
ਉਨ੍ਹਾਂ ਨੂੰ ਸੁੰਘਣ ਤੇ ਮਾਨਣ ਦੀ

ਆਪੋ ਆਪਣਿਆਂ ਕਮਰਿਆਂ 'ਚ
ਪਸੰਦੀਦਾ ਸ਼ੋਅ ਤੱਕਦੇ ਜਣੇ
ਧੜਕਦੀਆਂ ਜਿੰਦਾਂ ਨਹੀਂ

ਨਿਰੇ ਪੂਰੇ
'ਮੈਨਾਕਿਨਜ਼' ਲੱਗਦੇ ਹਨ
ਕੰਧਾਂ ਦੇ ਵੀ ਕੰਨ ਨਹੀਂ ਹਨ ਸ਼ਾਇਦ
ਕਿੱਡਾ ਵੀ ਹਾਦਸਾ ਕਿਉਂ ਨਾ ਹੋ ਜਾਵੇ

ਗੁਆਂਢ ਤੱਕ ਖ਼ਬਰ ਨਹੀਂ ਹੁੰਦੀ

ਮੋਰਟਗੇਜ਼ ਕੰਪਨੀਆਂ ਦੀਆਂ
ਵਿਆਜ਼ ਦਰਾਂ ਨਾਲ
ਏਡਜ਼ ਦੀ ਬਿਮਾਰੀ ਵਾਂਗ
ਖੁਰਦੇ ਜਾ ਰਹੇ ਹਨ ਘਰ ਅੱਜ ਕੱਲ੍ਹ
ਖੁਦਾ ਹੀ ਜਾਣੇ
ਆਪਣੀ ਤੀਹ ਵਰ੍ਹਿਆਂ ਦੀ ਉਮਰ
ਭੋਗ ਵੀ ਸਕਣਗੇ ਜਾਂ ਨਹੀਂ?

ਉਂਜ ਤਾਂ ਹਰ ਘਰ ਦੀ
ਆਪਣੀ ਕਹਾਣੀ ਹੈ
ਪਰ ਇਹ ਗੱਲ ਹੁਣ
ਜਾਣੀ ਪਹਿਚਾਣੀ ਹੈ
ਕਿ ਘਰ ਹੁਣ ਘਰ ਨਹੀਂ ਰਹੇ
ਹੋਟਲ ਜਾਂ ਸਰਾਂ ਬਣ ਗਏ ਹਨ
ਬੱਸ!
ਰਾਤ ਕੱਟਣ ਦੀ ਥਾਂ ਬਣ ਗਏ ਹਨ।

*

**ਬੈਠਕ ਤੋਂ ਲਿਵਿੰਗ ਰੂਮ ਤੱਕ**

ਪਿੰਡ ਵਿਚਲੀ ਬੈਠਕ 'ਚ
ਸਕੂਨ ਹੁੰਦਾ ਸੀ ਹਾਸੇ ਹੁੰਦੇ ਸਨ।
ਖੁੱਲ੍ਹੀਆਂ ਬਾਰੀਆਂ 'ਚੋਂ
ਤਾਜ਼ੀ ਹਵਾ ਦੇ ਬੁੱਲੇ ਆਉਣੇ
ਗਲੀ 'ਚੋਂ ਲੰਘ ਰਹੇ ਲੋਕਾਂ ਦੀ
ਪੈੜ ਚਾਪ ਸੁਣਨੀ
ਪਿੰਡ ਦਿਆਂ ਮੁੰਡਿਆਂ
ਰਾਜਸੀ ਤੇ ਸਾਹਿਤਕ ਸਹਿਕਰਮੀਆਂ ਦੀ
ਭੀੜ ਲੱਗੀ ਰਹਿਣੀ
ਕਦੇ ਸਰਕਾਰੀ ਅਫ਼ਸਰਾਂ
ਤੇ ਕਦੇ ਪੁਲਸੀਆਂ ਦਾ
ਅਛੋਪਲੇ ਜਿਹੇ ਦਸਤਕ ਦੇਣਾ
ਤਾਂ ਪਿਛਲੀਆਂ ਪੌੜੀਆਂ ਥਾਣੀ
ਬਾਹਰ ਭੱਜ ਜਾਣਾ
ਕਦੇ ਰਾਤੀਂ ਮੀਟਿੰਗਾਂ ਵਿਚ
ਸਿੰਗ ਫਸ ਜਾਣੇ
ਤਾਂ ਮਾਂ ਨੇ ਕਹਿਣਾ
"ਵੇ ਹੁਣ ਤਾਂ ਸੌਂ ਜਾਓ
ਤੜਕਾ ਹੋ ਗਿਆ ਆ”

ਕਦੇ ਧੀਮੀ ਜਿਹੀ ਸੁਰ 'ਚ
ਖਟਕੜ ਦੇ ਦਾਰਸ਼ਨਿਕ ਬੋਲ
ਤੇ ਗੀਤ ਗੂੰਜ ਉਠਣੇ ਕੰਧਾਂ 'ਤੇ
ਲੈਨਿਨ ਤੇ ਸਟਾਲਿਨ, ਮਾਉ ਦੀਆਂ ਤਸਵੀਰਾਂ
ਮੇਜ਼ 'ਤੇ ਮੈਗਜ਼ੀਨ ਅਖ਼ਬਾਰਾਂ
ਤੇ ਜਾਂ ਫਿਰ
ਪੇਂਡੂਆਂ ਦੀਆਂ

ਤਸਦੀਕ ਲਈ ਆਈਆਂ ਅਰਜ਼ੀਆਂ
ਦੇ ਢੇਰ ਲੱਗੇ ਰਹਿਣੇ
ਪਿੰਡ ਵਿਚਲੀ ਬੈਠਕ 'ਚ
ਇਕ ਨਿੱਕੀ ਜਿਹੀ
ਦੁਨੀਆ ਵਸਦੀ ਸੀ

ਇਥੇ ਬੈਠਕ ਜੋ
ਲਿਵਿੰਗ ਰੂਮ ਕਹਾਉਂਦੀ ਹੈ
ਠੰਡੀ ਜਾਂ ਗਰਮ ਹਵਾ ਬਾਹਰ ਨਾ ਨਿਕਲੇ
ਮੱਖੀ ਮੱਛਰ ਅੰਦਰ ਨਾ ਆ ਜਾਵਣ
ਖਿੜਕੀਆਂ ਉਪਰ
ਮੋਟੇ ਪਰਦੇ ਇੰਜ ਲਟਕਣ
ਕਿ ਸੂਰਜ ਦੀ ਕਿਰਨ ਵੀ
ਪੁੱਛ ਕੇ ਅੰਦਰ ਆਏ
ਆਉਣ ਤੋਂ ਪਹਿਲਾਂ ਫੋਨ ਖੜਕਣ
ਕੰਧਾਂ 'ਤੇ ਲਟਕਦੇ ਪੋਰਟਰੇਟ
ਇਕ ਦੂਜੇ ਨੂੰ ਘੂਰਨ
ਸੰਨਾਟਾ ਤੋੜਨ ਲਈ
ਚਾਹੀਆਂ ਅਣਚਾਹੀਆਂ ਟੇਪਾਂ ਦਾ ਸੰਗੀਤ ਉਠਦਾ ਹੈ
ਕਦੇ ਕਦੇ
ਲਿਵਿੰਗ ਰੂਮ 'ਚ ਦਮ ਘੁੱਟਦਾ ਹੈ।

*

**ਉਹ ਪਲ ਮੋੜ ਦੇਵੋ**

ਮੇਰੇ ਉਹ ਪਲ ਮੋੜ ਦੇਵੋ
ਜੋ ਮੇਰੇ ਹੁੰਦਿਆਂ ਈ
ਮੇਰੇ ਨਾ ਰਹੇ

ਜਿਨ੍ਹਾਂ ਨੂੰ ਕਦੇ ਮੈਂ
ਮਦਹੋਸ਼ ਮੁਦਰਾ 'ਚ
ਮਹਿਬੂਬ ਵਾਂਗ ਚੁੰਮਿਆ
ਰੂਹ ਦੇ ਬਿਸਤਰ 'ਤੇ
ਗੁੰਮ ਗਏ ਜਿਹੜੇ
ਜੋ ਨਿੱਕੇ ਬਾਲ ਦੀਆਂ
ਤੋਤਲੀਆਂ ਗੱਲਾਂ ਵਾਂਗ
ਹੱਸਦੇ ਟੱਪਦੇ ਤੇ ਛਣਕਦੇ ਰਹੇ
ਮੇਰੀ ਸਾਰੀ ਹੋਂਦ ਦੇ ਉਦਾਲੇ
ਪਰ ਅਚਾਨਕ
ਡਰਾਉਣਾ ਖੜਾਕ ਸੁਣਕੇ
ਡਰੇ ਹੋਏ ਪੰਛੀਆਂ ਵਾਂਗ
ਜੋ ਮਾਰ ਗਏ ਉਡਾਰੀ
ਤੇ ਮੁੜ ਨਾ ਪਰਤੇ

ਜੋ ਕਾਰਾਂ, ਘਰਾਂ ਤੇ
ਬੈਂਕ ਦੀਆਂ ਕਿਸ਼ਤਾਂ ਵਰਗੇ ਨਹੀਂ ਸਨ
ਜੋ ਫੋਕੀ ਸ਼ਾਨੋ ਸ਼ੌਕਤ ਤੋਂ
ਕੋਹਾਂ ਦੂਰ ਵਸਦੇ ਸਨ
ਜੋ ਫ਼ਕੀਰਾਨਾ ਜ਼ਿੰਦਗੀ 'ਚ ਹੀ
ਖ਼ੁਸ਼ ਸਨ ਬਥੇਰੇ
ਜੋ ਫੁੱਲਾਂ ਵਾਂਗ ਮਹਿਕਦੇ ਸਨ
ਪਰਿੰਦਿਆਂ ਵਾਂਗ ਚਹਿਕਦੇ ਸਨ

ਜੋ ਸਾਏ ਵਾਂਗ ਨਾਲ ਰਹਿੰਦੇ ਸਨ

ਮੇਰੇ ਉਹ ਪਲ ਮੋੜ ਦੇਵੋ।

*

## ਸ਼ਹਿਰ ਸੌਂ ਰਿਹਾ ਹੈ

ਸ਼ਹਿਰ ਸੌਂ ਰਿਹਾ ਹੈ
ਜਾਗ ਰਹੀਆਂ ਹਨ
ਟਿਮਟਿਮਾਉਂਦੀਆਂ ਬੱਤੀਆਂ

ਸਬਜ਼, ਨੀਲੀਆਂ
ਮੱਧਮ ਰੌਸ਼ਨੀਆਂ ਵਿਚ
ਸੌਂ ਰਹੇ ਹਨ ਜੋੜੇ
ਕਮਰਿਆਂ ਦੀ ਵਲਗਣ ਅੰਦਰ
ਤੇ ਬੱਚੇ
ਡਿਜ਼ਨੀ ਚੈਨਲ ਦੇ ਕਿਰਦਾਰਾਂ ਦੇ
ਦੇਖ ਰਹੇ ਹੋਣਗੇ ਸੁਪਨੇ

ਸ਼ਹਿਰ ਸੌਂ ਰਿਹਾ ਹੈ
ਜਾਗ ਰਹੇ ਹਨ
ਜਿਨ੍ਹਾਂ ਕੋਲ ਸੌਣ ਲਈ ਛੱਤ ਨਹੀਂ
ਗੱਤੇ ਦੇ ਡੱਬਿਆਂ ਨੂੰ ਜੋੜ ਕੇ
ਵਿਚ-ਵਿਚਾਲੇ ਗੁੱਛੂ ਮੁੱਛੂ ਹੋਏ
ਦਿਨ ਚੜ੍ਹਨ ਦੀ
ਕਰ ਰਹੇ ਹਨ ਜੋ ਉਡੀਕ

ਸ਼ਹਿਰ ਸੌਂ ਰਿਹਾ ਹੈ
ਦਿਨ ਭਰ ਦੀ ਖਚਾ-ਖਚ ਤੋਂ
ਵਿਹਲਿਆਂ ਹੋ ਕੇ
ਬੇ-ਫ਼ਿਕਰ ਹਨ ਸਾਰੇ
ਬੱਸ ਰਾਤ ਦੀ ਰਾਤ
ਕੰਮ, ਬੌਸ ਤੇ ਲੋੜਾਂ ਦੇ ਝੰਜਟ ਤੋਂ

ਸ਼ਹਿਰ ਸੌਂ ਰਿਹਾ ਹੈ

ਪਰ੍ਹਾਂ ਦੂਰ ਕੰਟਰੀ ਰੋਡ 'ਤੇ

ਅਚਾਨਕ ਆ ਟਪਕਦੇ ਹਨ

ਖਰਗੋਸ਼, ਰੈਕੂਨ ਤੇ ਹਿਰਨਾਂ

ਦੇ ਹੈਡ ਲਾਈਟ 'ਚ

ਚੁੰਧਾਈਆਂ ਅੱਖੀਆਂ ਕਾਰਣ

ਆ ਖਲੋਂਦੇ ਹਨ

ਐਨ ਸੜਕ ਦੇ ਵਿਚਾਲੇ।

*

## ਮਡਾਨਾ ਨੂੰ ਕਹੋ

... ਕਿ ਹੁਣ ਬੱਸ ਵੀ ਕਰੇ
ਬਹੁਤ ਹੋ ਚੁੱਕੀ ਹੈ
ਨੰਗੇਜ਼ ਦੀ ਪਰਦਰਸ਼ਨੀ

ਟੀਨਏਜ਼ਰ ਮੁੰਡੇ ਕੁੜੀਆਂ ਨੂੰ
ਸੈਕਸ ਦੀਆਂ ਬੁਰਕੀਆਂ ਪਾ ਕੇ
ਕਿੰਨਾ ਕੁ ਚਿਰ ਹੋਰ
ਨਚਾਉਂਦੀ ਰਹੇਗੀ
ਬੇਸਮੈਂਟਾਂ ਤੇ ਕਲੱਬਾਂ ਦੀਆਂ
ਮਹਿਫ਼ਲਾਂ ਅੰਦਰ

ਡਾਲਰਾਂ ਦੀ ਸੇਜ ਤੇ ਸੌਣ ਵਾਲੀ
ਸੈਕਸ ਦੀ ਮਲਿਕਾ ਨੂੰ ਕਹੋ
ਕਿ ਤੇਰਾ
'ਗਲਾ' ਤੇ 'ਕਲਾ' ਹੀ ਕਾਫੀ ਹਨ
ਬੈਂਕਾਂ ਦੇ ਜ਼ਮਾਖਾਤੇ ਭਰਨੇ ਲਈ
ਐਵੇਂ ਨਾ
ਹਾਲੀਵੁੱਡ, ਨਿਊਯਾਰਕ ਤੇ ਪੈਰਿਸ ਅੰਦਰ
ਆਪਣੇ ਅੰਗਾਂ ਦੇ ਮਸਾਲੇ ਨਾਲ
ਮਿਹਨਤੀ ਲੋਕਾਂ ਦਾ
ਹਾਜ਼ਮਾ ਖ਼ਰਾਬ ਕਰਦੀ ਫਿਰੇ
ਤੇ ਉਸ ਨੂੰ ਕਹੋ
ਕਿ ਪਹਿਲਾਂ ਹੀ
ਬਹੁਤ ਕੁਝ ਵਾਪਰ ਰਿਹੈ
'ਇੰਟਰਨੈਟ' ਦੇ ਨਾਂ ਥੱਲੇ

ਕਾਮਮੱਤੀਆਂ ਮੁਦਰਾਵਾਂ ਨਾਲ

ਧਮਾਕੇ ਕਰਨ ਵਾਲੀ '

ਇਸ ਨੱਢੀ ਨੂੰ ਕਹੋ

ਕਿ ਕਦੇ

ਡੀ.ਸੀ. ਅਤੇ ਹੋਰ ਸ਼ਹਿਰਾਂ ਅੰਦਰ

ਕੂੜੇ ਕਰਕਟ ਵਾਲੇ ਡੰਪਸਟਰਾਂ 'ਚ ਸੌਂ ਰਹੇ

ਲੋਕਾਂ ਦੀ ਵੀ ਗੱਲ ਕਰੇ

ਬਿਮਾਰੀ ਨਾਲ ਲੁੜਕਦੇ

ਤੇ ਭੁੱਖ ਨਾਲ ਵਿਲਕਦੇ

ਬੱਚਿਆਂ ਦੀ ਆਵਾਜ਼ ਬਣ ਕੇ ਵੀ ਵੇਖੇ

ਡਾਲਰਾਂ ਦੀ ਚਕਾਚੌਂਧ ਵਿਚ

ਅੰਨ੍ਹੀ ਹੋਈ

ਆਪਣੇ ਅੰਦਰ ਮਰ ਰਹੀ ਔਰਤ

ਨੂੰ ਵੀ ਪਹਿਚਾਣੇ।

*

**ਬਾਲਟੀਮੋਰ**

(ਕਿਸੇ ਵੀ ਸ਼ਹਿਰ ਦੇ ਨਾਂ)

ਬਾਲਟੀਮੋਰ!
ਮੇਰੇ ਪਿਆਰੇ ਸ਼ਹਿਰ
ਤੈਨੂੰ ਕਿਸ ਰਿਸ਼ਤੇ ਨਾਲ
ਸੰਬੋਧਿਤ ਹੋਵਾਂ

ਹਾਰਬਰ 'ਚ ਤੈਰਦੀਆਂ ਕਿਸ਼ਤੀਆਂ
ਤੇ ਵਾੜ ਵਾਂਗ ਖੜ੍ਹੀਆਂ
ਦਿਉ-ਕੱਦ ਸੁੰਦਰ ਇਮਾਰਤਾਂ
ਜਾਂ ਖ਼ੂਬਸੂਰਤ ਸੈਲਾਨੀਆਂ ਦੇ
ਚਿਹਰੇ ਤੱਕਦਾ ਹਾਂ
ਤਾਂ ਤੂੰ
ਨਿਰਾ-ਪੁਰਾ ਮਾਸ਼ੂਕ ਲੱਗਦਾ ਏਂ

ਤੇਰੇ ਮਿਊਜ਼ਿਅਮ
ਹਰੇ ਭਰੇ ਖੇਤ
ਚੈੱਸਪੀਕ ਬੇਅ 'ਚੋਂ ਕਰੈਬ ਫੜਦੇ ਮਛੇਰੇ
ਜਾਂ ਨੈਸ਼ਨਲ ਟੀ.ਵੀ. 'ਤੇ
ਤੇਰੇ ਜਾਹਨ ਹਾਪਕਿਨਜ਼ (ਹਸਪਤਾਲ) ਦਾ
ਜ਼ਿਕਰ ਸੁਣਦਾ ਹਾਂ
ਤਾਂ ਤੂੰ ਮਾਣ-ਮੱਤਾ ਪੁੱਤਰ ਲੱਗਦਾ ਏਂ
ਪਰ ਜਦੋਂ
ਸੁੰਦਰਤਾ ਦੇ ਪ੍ਰਛਾਵਿਆਂ ਥੱਲੇ
ਸ਼ਹਿਰ ਦੇ ਕਈ ਕੋਨਿਆਂ ਅੰਦਰ
ਤੇਰੀਆਂ ਕੰਜਕਾਂ ਜਿਸਮ ਨੂੰ ਵੇਚਣ
ਤੇਰਾ ਬਚਪਨ

ਕਾਰ ਸਵਾਰਾਂ ਤੋਂ ਭਿੱਖਿਆ ਮੰਗੇ

ਤੇ ਪਾਰਕ ਹਾਈਟਸ ਜਿਹੇ ਅੱਡਿਆਂ 'ਤੇ

ਮੁੱਛ-ਫੁਟੇ ਗੱਭਰੂ

ਡਰੱਗਜ਼ ਲਈ ਲੜਕੇ, ਗੋਲੀਆਂ ਚਲਾਉਂਦੇ

ਜਾਂ ਫੁੱਟਪਾਥਾਂ 'ਤੇ

ਧੌਲਦਾੜ੍ਹੀਆਂ ਨੂੰ ਲਿਟਦਿਆਂ ਤੱਕਾਂ

ਤਾਂ ਤੂੰ-

ਕਦੇ ਵੇਸਵਾ, ਕਦੇ ਮੰਗਤਾ

ਤੇ ਕਦੇ ਬੇ-ਰਹਿਮ ਲੁਟੇਰਾ ਲੱਗਦਾ ਏਂ

ਬਾਲਟੀਮੋਰ!

ਮੇਰੇ ਪਿਆਰੇ ਸ਼ਹਿਰ

ਤੈਨੂੰ ਮੈਂ ਕਿਸ ਰਿਸ਼ਤੇ ਨਾਲ ਮੁਖਾਤਿਬ ਹੋਵਾਂ।

*

**ਵਾਸ਼ਿੰਗਟਨ ਡੀ.ਸੀ.**

(ਕਿਸੇ ਵੀ ਰਾਜਧਾਨੀ ਦੇ ਨਾਂ)

ਜੌਰਜ ਵਾਸ਼ਿੰਗਟਨ
ਤੇ ਅਬਰਾਹਮ ਲਿੰਕਨ ਦਾ ਇਹ ਸ਼ਹਿਰ
ਬਹੁਤ ਬਦਲ ਗਿਆ ਹੈ
ਅੰਦਰੋਂ ਤੇ ਬਾਹਰੋਂ ਅੱਜਕੱਲ੍ਹ

ਉਚੀਆਂ ਇਮਾਰਤਾਂ ਦੀਆਂ ਡਾਰਾਂ ਵਿਚ
ਕਾਰਾਂ ਦੀਆਂ ਲੰਮੀਆਂ ਕਤਾਰਾਂ ਵਿਚ
ਟਰੈਫਿਕ ਸਿਗਨਲਾਂ ਦੇ ਹੁੰਦਿਆਂ ਹੋਇਆਂ ਵੀ
ਰਾਹਗੀਰਾਂ ਦੀ ਭੀੜ ਨੂੰ
ਭੈ ਭੀਤ ਕਰੀ ਰੱਖਦਾ ਹੈ
ਦਿਨ ਰਾਤ

ਪਾਣੀ ਜੰਮਦੇ
ਤੇ ਪੱਥਰ ਪਿਘਲਦੇ ਮੌਸਮਾਂ ਵਿਚ
ਕੋਈ ਅੱਲਾ-ਜਾਇਆ
ਤੜਪ ਕੇ ਮਰ ਜਾਏ
ਮਜ਼ਾਲ ਹੈ ਕਿ
ਇਹ ਸ਼ਹਿਰ ਟੱਸ ਤੋਂ ਮੱਸ ਹੋਵੇ
ਕਿਸੇ ਕੁਆਰੀ ਦਾ ਰੇਪ ਹੁੰਦਾ ਹੈ।
ਤਾਂ ਇਹ ਸ਼ਹਿਰ ਹੱਸਦਾ ਹੈ
ਕਿਸੇ ਜੁਆਨੀ ਦਾ ਕਤਲ ਹੁੰਦਾ ਹੈ।
ਤਾਂ ਇਹ ਸ਼ਹਿਰ ਨੱਚਦਾ ਹੈ

ਰਾਹ ਜਾਂਦਿਆਂ ਲੜਾਈਆਂ ਮੁੱਲ ਲਵੇ
ਅਦਾਲਤਾਂ 'ਚ
ਝੂਠੇ ਗਵਾਹਾਂ ਵਾਂਗ ਬਣ ਬਣ ਬਵੇ

ਦੂਰ-ਦੁਰਾਡੇ ਮੁਲਕਾਂ ਦੇ

ਜੂਝਦੇ ਜੁਝਾਰ ਲੋਕਾਂ ਦੇ

ਲੱਕ ਤੋੜਨ ਦੀਆਂ ਸਕੀਮਾਂ ਘੜੇ

ਰਾਕਟਾਂ, ਮਿਜ਼ਾਇਲਾਂ ਦੀ ਤਾਕਤ ਨਾਲ

ਚਾਣਕੀਆ ਦੀ ਚਲਾਕ ਨੀਤੀ ਨਾਲ

ਜਿਹਨੂੰ ਜੀਅ ਚਾਹੇ

ਧੌਣੋਂ ਜਾ ਫੜੇ

ਇਹ ਸ਼ਹਿਰ, ਸ਼ਹਿਰ ਨਹੀਂ ਰਿਹਾ

ਜੰਗਲ ਬਣ ਗਿਆ ਹੈ

ਜਿਸ ਵਿਚ

ਮਾਸਖੋਰੇ ਜਾਨਵਰ ਰਾਜ ਕਰਦੇ ਹਨ

ਤੇ ਰਾਜ ਦੇ ਨਸ਼ੇ ਵਿਚ

ਜਦੋਂ ਉਹ ਦਹਾੜਦੇ ਹਨ

ਪਰਿੰਦੇ ਆਲ੍ਹਣੇ ਛੱਡ

ਪਰਵਾਜ਼ ਭਰਦੇ ਹਨ।

*

**ਸਾਡਾ ਤਾਂ ਕੁਝ ਵੀ ਵੰਡਿਆ ਨਹੀਂ**

(ਮੁਸ਼ਤਾਕ ਸੂਫ਼ੀ ਦੇ ਨਾਂ)

ਚੱਲ ਆਪਾਂ
ਅੱਜ ਇੰਜ ਮਿਲੀਏ
ਕਿ ਜਿਵੇਂ ਕਦੀ ਵਿਛੜੇ ਹੀ ਨਹੀਂ ਸਾਂ
ਉਂਜ ਏਡਾ ਵੀ ਨਿਰਮੋਹ ਕਾਹਦਾ
ਕਿ ਬੰਨੇ ਦੇ
ਏਧਰ ਤੇ ਓਧਰ ਬਹਿ ਕੇ
ਇਕ ਦੂਜੇ ਨੂੰ
ਕੌੜ ਅੱਖੀਂ ਤੱਕੀਏ

ਮੈਂ ਮੰਨਦਾਂ
ਕਿ ਕੁਝ ਵਖਰੇਵੇਂ ਹੋਵਣਗੇ
ਪਰ ਸਾਂਝਾ ਤਾਂ
ਉਨ੍ਹਾਂ ਤੋਂ ਕਿਤੇ ਲੰਮੀਆਂ ਨੇ
ਫਿਰ ਅਸੀਂ
ਸਾਂਝਾਂ ਦੀ ਮੰਨੀਏ ਜਾਂ
ਵਖਰੇਵਿਆਂ ਦੀ?
ਉਂਜ ਇਹ ਵਖਰੇਵੇਂ ਵੀ
ਸਾਡੇ ਤਾਂ ਨਹੀਂ
ਕਿਸੇ 'ਹੋਰਾ' ਦੇ ਨੇ
ਚੱਲ ਇਨ੍ਹਾਂ ਨੂੰ
ਉਨ੍ਹਾਂ ਲਈ ਹੀ ਰਹਿਣ ਦਈਏ
ਤੇ ਆਪੋ ਆਪਣੇ ਲੋਕਾਂ ਨੂੰ ਕਹੀਏ
ਕਿ ਸਾਡਾ ਤਾਂ
ਕੁਝ ਵੀ ਵੰਡਿਆ ਨਹੀਂ

ਉਂਜ ਜਾਣਦਾ ਤੂੰ ਵੀ ਏਂ
ਜਾਣਦਾ ਮੈਂ ਵੀ ਆਂ
ਕਿ 'ਉਹ' ਜਿਹੜੇ ਹਨ
ਉਹ ਤਾਂ ਜਦੋਂ ਵੀ ਜੀਅ ਕਰੇ
ਉਡਾਉਂਦੇ ਰਹਿੰਦੇ ਹਨ
ਸਾਡੇ ਸੁਪਨਿਆਂ ਦੀ ਖਿੱਲੀ
ਤੇ ਖੁਦ ਜੁੜ ਬਹਿੰਦੇ ਹਨ
ਕਦੇ ਕਰਾਚੀ ਕਦੇ ਦਿੱਲੀ

ਚੱਲ ਅੱਜ
ਗੁੱਸਿਆਂ, ਗਿਲਿਆਂ
ਰੋਸਿਆਂ, ਸ਼ਿਕਵਿਆਂ
ਦੀ ਧੌਣ ਮਰੋੜ ਦਈਏ
ਤੇ ਏਧਰ ਓਧਰ ਵਸਦੇ
ਲੋਕਾਂ ਨੂੰ ਕਹੀਏ
ਕਿ ਸਾਡਾ ਤਾਂ
ਕੁਝ ਵੀ ਵੰਡਿਆ ਨਹੀਂ।

*

**ਹਾਦਸੇ**

ਪਹਿਲਾ ਹਾਦਸਾ ਓਦਣ ਹੋਇਆ।
ਜਦ ਨਿੱਕੀ ਜਿਹੀ ਉਮਰੇ
ਡੰਗਰਾਂ ਦੀ ਖੁਰਲੀ ਲਾਗੇ ਬੈਠਾ ਸਾਂ
ਤੇ ਜੁੜਦੇ ਜਾ ਰਹੇ ਸਨ ਗੁੰਮ ਸੁੰਮ ਚਿਹਰੇ
ਸਭ ਦੇ ਸਭ ਚੁੱਪ-ਚਾਪ
ਕੋਈ ਮਾਂ ਨੂੰ ਚੁੱਪ ਕਰਾ ਰਿਹਾ ਸੀ
ਕੋਈ ਭੈਣ ਨੂੰ ਵਰਾ ਰਿਹਾ ਸੀ
ਫਿਰ ਅਚਾਨਕ
ਮੈਂ ਭੁੱਬੀ ਰੋਇਆ
ਇਹ ਤਾਂ ਮੇਰਾ ਪਿਉ ਸੀ ਮੋਇਆ

ਇੰਜ ਹਾਦਸਿਆਂ ਦੀ
ਬਰਸਾਤ ਸ਼ੁਰੂ ਹੋ ਗਈ
ਡੰਗਰ ਚਾਰਨ ਤੋਂ ਲੈ ਕੇ
ਕਾਲਜ ਪਹੁੰਚਣ ਤੱਕ
ਪੁਲਸ ਦੀਆਂ ਡਾਂਗਾਂ ਤੋਂ ਲੈ ਕੇ
ਮੀਸਾ ਤਹਿਤ ਨਜ਼ਰਬੰਦੀ ਤੱਕ
ਪਿੰਡ ਦੀ ਵੇਈਂ 'ਚ
ਚੁੱਭੀਆਂ ਲਾਉਣ ਤੋਂ ਲੈ ਕੇ
ਸਮੁੰਦਰੋਂ ਪਾਰ ਵਸੇਬੇ ਤੱਕ
ਬੱਸ!
ਹਾਦਸੇ ਹੀ ਹਾਦਸੇ ਮਿਲੇ

ਕਦੇ ਉਹ ਅੰਬਰਾਂ ਵਲੋਂ
ਕਦੇ ਧਰਤ ਤੋਂ ਆਏ
ਕਦੇ ਆਪਣਿਆਂ ਦਿੱਤੇ
ਕਦੇ ਬੇਗਾਨਿਆਂ ਵਰੋਸਾਏ।
*

**ਉਹ ਸਾਂਵਲੀ ਜਿਹੀ**

ਬੜੀ ਉਦਾਸ ਹੈ
ਉਹ ਸਾਂਵਲੀ ਜਿਹੀ

ਜਦੋਂ ਵੀ
ਉਦਾਸ ਹੋ ਜਾਵੇ
ਚਹੁੰ ਪਾਸੀਂ
ਚੁੱਪ ਛਾ ਜਾਵੇ

ਜਾਪਦੇ ਨੇ ਸਭ ਦੇ ਸਭ
ਬੁੱਤ ਬਣ ਕੇ
ਤੁਰ ਫਿਰ ਰਹੇ
ਕੱਠਪੁਤਲੀਆਂ ਦੀ ਤਰ੍ਹਾਂ

ਮਨਫ਼ੀ ਹੋ ਜਾਂਦੀਆਂ ਹਨ
ਖ਼ੁਸ਼ੀਆਂ, ਰੌਣਕਾਂ, ਹਾਸੇ
ਆਪੋ ਆਪਣਿਆਂ ਕਮਰਿਆਂ 'ਚ
ਵੜ ਜਾਂਦੇ ਨੇ ਸਭ
ਉਡੀਕ ਕਰਦੇ ਨੇ-
ਕਿ ਕਦੋਂ ਉਹ ਹੱਸੇ
ਤੇ ਘਰ ਫਿਰ ਘਰ ਲੱਗੇ

ਬੜੀ ਉਦਾਸ ਹੈ
ਉਹ ਸਾਂਵਲੀ ਜਿਹੀ।

*

## ਤੂੰ ਮੇਰੇ ਕੋਲ ਰਹੁ

ਤੂੰ ਮੇਰੇ ਕੋਲ ਰਹੁ

ਓਨਾ ਕੁ ਚਿਰ

ਜਿੰਨਾ ਚਿਰ

ਮੀਂਹ ਵਿਚ ਭਿੱਜਦਿਆਂ

ਮੈਂ ਕਣੀਆਂ ਦੀ

ਗਿਣਤੀ ਨਾ ਮੁਕਾ ਲਾਂ

ਤੂੰ ਅੱਖਾਂ ਮੁੰਦ ਕੇ

ਮਦਹੋਸ਼ ਜਿਹੀ ਹੋਈ ਰਵੇਂ

ਮੈਂ ਤੇਰਿਆਂ ਵਾਲਾਂ 'ਚ

ਘੁਮਾਂਦਾ ਰਹਾਂ ਪੋਟਿਆਂ ਨੂੰ

ਓਨਾ ਕੁ ਚਿਰ

ਜਿੰਨਾ ਚਿਰ

ਧਰਤੀ ਸੂਰਜ ਦੁਆਲੇ

ਆਪਣਾ ਪੰਧ ਜਾਰੀ ਰੱਖਦੀ ਹੈ

ਤੂੰ ਮੇਰੇ ਕੋਲ ਰਹੁ

ਉਹ ਸਾਰੇ ਦੇ ਸਾਰੇ ਮੌਸਮ

ਜਿਨ੍ਹਾਂ ਵਿਚ

ਰੁੱਖਾਂ ਬੂਟਿਆਂ ਨੂੰ

ਫੁੱਲ ਲੱਗਣ

ਪੱਤ ਝੜਨ

ਤੇ ਛਾਂ ਵੰਡਣ ਤੋਂ

ਫੁਰਸਤ ਨਹੀਂ ਮਿਲਦੀ।

*

**ਮਿਲੇ ਜੇ ਫਿਰ ਕਦੇ**

ਤੇਰੇ ਕੋਲ ਹੋਵੇਗੀ

ਸਾਂਭ ਸਾਂਭ ਰੱਖੀ

ਗਿਲਿਆਂ ਸ਼ਿਕਵਿਆਂ ਦੀ ਪੰਡ

ਸਾਹਾਂ ਦੀ ਧੜਕਣ ਤੇਜ਼ ਹੋਵੇਗੀ

ਬਿਨਾਂ ਅੱਖ ਝਪਕਿਆਂ ਤੱਕਣਾ

ਬੋਲਦੇ ਤੇ ਬੋਲਦੇ ਜਾਣਾ

ਉਲਾਂਭਿਆਂ ਦੀ ਬਰਸਾਤ ਲੱਗੇਗੀ

ਕਹਿਣ ਲਈ ਤਾਂ ਬਿਨਾਂ ਸ਼ੱਕ ਭਾਵੇਂ

ਹੋਏਗਾ ਬੜਾ ਕੁਝ

ਮੇਰੇ ਕੋਲ ਵੀ ਪਰ...

ਮੈਂ ਚੁੱਪ ਚਾਪ ਰਹਾਂਗਾ

ਤੇਰੇ ਖਾਮੋਸ਼ ਹੋਵਣ ਦੀ

ਉਡੀਕ ਕਰਾਂਗਾ

ਤਾਂ ਜੋ

ਧੁਖਦੇ ਪਲਾਂ ਨੂੰ ਚੈਨ ਆ ਜਾਵੇ।

*

**ਮੈਂ ਤੈਨੂੰ ਚਾਹੁੰਦਾ ਹਾਂ**

ਮੈਂ ਤੈਨੂੰ ਚਾਹੁੰਦਾ ਹਾਂ
ਜਿਵੇਂ ਘਣੀ ਧੁੱਪ 'ਚ ਅਚਾਨਕ
ਬਦਲਾਂ ਦਾ ਛਾ ਜਾਣਾ
ਤੇ ਨਿੱਕੀਆਂ ਨਿੱਕੀਆਂ ਕਣੀਆਂ ਦਾ ਬਰਸਣਾ

ਲਾਅਨ 'ਚ ਉੱਗੇ ਘਾਹ ਤੇ
ਨੰਗੇ ਪੈਰੀਂ ਤੁਰਨਾ ਖਿੜੇ ਹੋਏ ਫੁੱਲਾਂ ਨੂੰ
ਸੁੰਘਣਾ ਤੇ ਮੁਸਕਰਾਉਣਾ

ਮੈਂ ਤੈਨੂੰ ਚਾਹੁੰਦਾ ਹਾਂ
ਠਰੂੰ ਠਰੂੰ ਕਰਦੇ ਸਿਆਲ 'ਚ
ਕੋਸੀ ਕੋਸੀ ਧੁੱਪ ਵਾਂਗਰ
ਮੁੱਦਤਾਂ ਬਾਅਦ ਪੁੱਤਰ ਨੂੰ ਮਿਲੀ
ਵਿਛੜੀ ਮਾਂ ਵਾਂਗਰ
ਤੈਨੂੰ ਲਿਖੇ
ਪਹਿਲੇ ਪਿਆਰ ਪੱਤਰ ਦੀ ਤਰ੍ਹਾਂ
ਲੋਕਾਂ ਦੀਆਂ ਉਠਦੀਆਂ ਉਂਗਲੀਆਂ ਦੇ ਖ਼ਿਲਾਫ਼
ਤੇਰੀ ਜੁਰਅਤ ਵਾਂਗਰ
ਜੇਲ੍ਹ ਦੀਆਂ ਸੀਖਾਂ ਪਿੱਛੇ ਖਲੋਤਿਆਂ
ਮਾਂ ਦੀਆਂ ਪੱਕੀਆਂ ਰੋਟੀਆਂ ਦੀ ਉਡੀਕ ਵਾਂਗਰ
ਤੇ ਉਸ ਦੇ ਹੰਝੂਆਂ ਥੱਲੇ ਦੱਬੀ
ਮੇਰੀ ਚਿਰਜੀਵੀ ਉਮਰ ਦੀ ਖਾਹਿਸ਼ ਦੀ ਤਰ੍ਹਾਂ
ਮੈਂ ਤੈਨੂੰ ਚਾਹੁੰਦਾ ਹਾਂ।

*

**ਕਦੇ ਕਦਾਈਂ**

ਕਦੇ ਕਦਾਈਂ ਦਿਲ ਕਰੇ
ਕਿ ਸ਼ਹਿਰ ਦੀ ਭੀੜ ਭੜਕਾਹਟ ਤੋਂ
ਕਾਰਾਂ ਦੀ ਗੜਗੜਾਹਟ ਤੋਂ
ਟੀ.ਵੀ. ਦੇ ਸ਼ੋਰ-ਸ਼ਰਾਬੇ ਤੋਂ
ਕਲੱਬਾਂ ਦੇ ਖ਼ੂਨ-ਖਰਾਬੇ ਤੋਂ
ਤੇ ਘਰਾਂ ਅੰਦਰ ਵੱਜਦੇ
ਅਣਚਾਹੇ ਸੰਗੀਤ ਦੀਆਂ
ਕੰਨ ਪਾੜਵੀਆਂ ਸੁਰਾਂ ਤੋਂ
ਪਰ੍ਹਾਂ ਭੱਜ ਚੱਲੀਏ

ਦੂਰ ਕਿਤੇ
ਸ਼ਾਂਤ ਝੀਲ ਦੇ ਕਿਨਾਰੇ ਬਹਿ ਕੇ
ਚੁੱਪ-ਚਾਪ
ਢਲ ਰਹੇ ਸੂਰਜ ਨੂੰ ਤੱਕੀਏ
ਪਾਣੀ 'ਚ ਤਰਦੇ

ਬਸੰਤੀ ਅਕਸ ਨਾਲ ਗੱਲਾਂ ਕਰੀਏ
ਫਿਰ ਉਸਦੇ 'ਅਸਤ ਹੋਵਣ ਵਾਂਗ
ਖ਼ੁਦ ਵੀ
ਇਕ ਦੂਜੇ ਦੇ ਅੰਦਰ ਲਹਿ ਜਾਈਏ
ਰਾਤ ਭਰ
ਗੁਆਚੇ ਰਹਿਣ ਤੋਂ ਬਾਅਦ
ਪਹੁ ਫੁਟਾਲੇ
ਚਿੜੀਆਂ ਦੇ ਚਹਿਕਣ ਸੰਗ
ਜਦ ਸੂਰਜ ਉਦੈ ਹੋਵੇ

ਖ਼ੁਦ ਵੀ

ਉਦੈ ਹੋ ਜਾਈਏ।

*

**ਮਾਂ ਬੋਲੀ**

ਕਿਹੜੀ ਸ਼ੈਅ ਹੈ
ਸਭ ਤੋਂ ਪਿਆਰੀ
ਚੰਨ, ਸੂਰਜ ਜਾਂ ਤਾਰੇ?

ਕੋਈ ਵੀ ਨਾ
ਤਾਂ ਫਿਰ
ਸੋਹਣੇ ਤਾਂ ਹਨ ਇਹ ਸਾਰੇ
ਪਰ ਨਹੀਓਂ
ਸਭ ਤੋਂ ਪਿਆਰੇ

ਮੈਂ ਧਰਤੀ ਦਾ ਵਾਸੀ
ਇਹ ਵਸਦੇ ਅਸਮਾਨਾਂ ਉੱਪਰ
ਮੈਨੂੰ ਤਾਂ ਬੱਸ ਲਗਦੇ ਨੇ
ਧਰਤੀ ਉਪਰ ਵਸਦੇ
ਮੇਰੇ ਲੋਕ ਪਿਆਰੇ

ਕਿਹੜੀ ਸ਼ੈਅ ਹੈ
ਸਭ ਤੋਂ ਮਿੱਠੀ
ਖੰਡ, ਮਿਸ਼ਰੀ ਦੀ ਭੇਲੀ?
ਕੋਈ ਵੀ ਨਾ
ਤਾਂ ਫਿਰ
ਮੰਨਦਾ ਹਾਂ
ਮਿੱਠੀਆਂ ਇਹ ਸਭੇ
ਖੰਡ, ਮਿਸ਼ਰੀ ਤੇ ਗੁੜ ਦੀ ਭੇਲੀ
ਮੈਨੂੰ ਤਾਂ ਲੱਗਦੀ ਹੈ ਪਰ
ਸਭ ਤੋਂ ਮਿੱਠੀ
ਮੇਰੀ ਮਾਂ ਬੋਲੀ।
*

**ਬਦਲਦੀ ਰੁੱਤ**

ਰੁੱਤ ਬਦਲੀ
ਰੁੱਖ ਮੌਲੇ
ਭਰ ਗਏ ਨੇ
ਉਡਾਰੀਆਂ ਸੀਗੋਲ
ਚੁਗਣ ਲਈ ਚੋਗਾ
ਮੁੜ ਆਪਣੀ
ਧਰਤ ਉੱਤੇ

ਰੁੱਤ ਬਦਲੀ
ਬਰਫ਼ ਪਿਘਲੀ
ਨਿੱਖਰ ਆਏ ਨੇ
ਅੰਗ ਅੰਗ
ਮਿੱਡ ਵੈਸਟ ਦੀਆਂ
ਪਹਾੜੀਆਂ ਦੇ

ਰੁੱਤ ਬਦਲੀ
ਧਰਤ ਨੇ
ਸਾਵੀਂ ਭਾਹ ਮਾਰੀ
ਫੁੱਲ ਖਿੜੇ
ਮੰਤਰ ਮੁਗਧ ਹੋਈਆਂ
ਉੱਡ ਰਹੀਆਂ ਨੇ
ਤਿਤਲੀਆਂ
ਰੁੱਤ ਬਦਲੀ
ਕਾਮਿਆਂ ਕਿਰਤੀਆਂ
ਸੰਦ ਚੁੱਕੇ
ਹੱਥਾਂ 'ਚ ਬੀਅ
ਮਨ 'ਚ ਆਸ

ਤਿਆਰ ਬਰ ਤਿਆਰ

ਹੋ ਰਹੇ ਹਨ

ਜ਼ਿਮੀ ਨਾਲ ਦੋ ਚਾਰ

ਰੁੱਤ ਬਦਲੀ

ਗਰਮ ਹੋ ਰਹੀ ਹੈ

ਕੱਕਰਾਂ ਦੀ ਮਾਰੀ ਰੇਤ

ਰੇਤ ਕਿਣਕੇ

ਹੋ ਰਹੇ ਨੇ

ਸੋਨੇ ਰੰਗੇ

ਬੀਚ 'ਤੇ ਲੱਗ ਜਾਏਗੀ

ਆਏ ਦਿਨ ਨਵੀਂ ਭੀੜ

ਗੱਭਰੂ ਮੁੰਡੇ ਕੁੜੀਆਂ

ਹੋ ਜਾਣਗੇ

ਰੇਤ ਸੰਗ ਰੇਤ

ਪਾਣੀ ਸੰਗ ਪਾਣੀ

ਲਿਸ਼ਕਾਂ ਮਾਰਨਗੇ ਪੱਟ

ਵਾਹ ਨੀ ਰੁੱਤੇ

ਵਾਹ ਜਵਾਨੀ।

*

**ਓਹੀਓ ਪਲ ਸੁਹਾਵਣੇ**

ਜਦ ਰਾਤ ਭਰ ਦੇ ਇਕਲਾਪੇ ਪਿੱਛੋਂ
ਸੂਰਜ ਦੀ ਪਹਿਲੀ ਕਿਰਨ
ਧਰਤ ਨੂੰ ਚੁੰਮਦੀ ਹੈ
ਜਦ ਕਾਮੇ ਦੇ
ਕੰਮ ਤੋਂ ਪਰਤਣ ਬਾਅਦ
ਥੱਕੀਆਂ ਹਾਰੀਆਂ ਲੱਤਾਂ ਨੂੰ
ਮਸੂਮ ਬੱਚਾ ਭੱਜਦਾ ਹੋਇਆ
ਆਣ ਚੰਬੜਦਾ ਹੈ

ਜਦ ਜੰਗਲ ਬੀਆਬਾਨ ਵਿਚ
ਜ਼ਖ਼ਮੀ ਗੁਰੀਲਾ
ਹਥਿਆਰ ਚੁੰਮਦਾ
ਉਂਘਦਾ ਹੋਇਆ
ਜ਼ਿੰਦਗੀ ਦੇ ਸੁਹੱਪਣ ਦਾ
ਸੁਪਨਾ ਦੇਖਦਾ ਹੈ

ਜਦ ਹਰ ਮਹੀਨੇ
ਬਿੱਲਾਂ ਦੇ
ਭੁਗਤਾਨ ਵਾਲੇ ਲਿਫ਼ਾਫ਼ੇ
ਮੇਲ ਬਾਕਸ ਵਿਚ ਰੱਖ ਕੇ
ਬੀਵੀ ਸੁਖ ਦਾ ਸਾਹ ਲੈਂਦੀ ਹੈ
ਬਾਕੀ ਤਾਂ ਸਭ ਡਰਾਵਣੇ
ਬੱਸ! ਓਹੀਓ ਪਲ ਸੁਹਾਵਣੇ।

*

**ਰੁੱਖ ਤੇ ਕਾਮੇ**

ਵਰ੍ਹਦੇ ਮੀਂਹ ਤੇ ਝੱਖੜਾਂ ਵਿਚ

ਲਿਸ਼ਕਦੀ ਬਿਜਲੀ

ਬਰਫ਼ਵਾਰੀ ਵਿਚ

ਪਿਘਲਦੇ ਲੋਹੇ ਵਾਂਗ ਤਪਦੀ ਧਰਤ

ਤੇ ਫਰੀਜਿੰਗ ਟੈਂਪਰੇਚਰ ਜਿਹੇ ਕੱਕਰਾਂ ਵਿਚ

ਬਿਨ ਛਤਰੀਆਂ ਬਰਸਾਤੀਆਂ ਦੇ

ਅਡੋਲ ਖੜ੍ਹੇ ਰਹਿੰਦੇ ਹਨ

ਇਹ ਐਵਰਗਰੀਨ ਰੁੱਖ ਤੇ ਕਾਮੇ।

*

**ਰੁੱਖ ਤੇ ਮੈਂ**

ਹਵਾ ਦੀ ਸਰਸਰਾਹਟ ਨਾਲ
ਬੁੱਲਿਆਂ ਦੀਆਂ ਖਰਮਸਤੀਆਂ ਸੰਗ
ਹਨੇਰੀਆਂ ਦੇ ਧੱਕਿਆਂ ਨਾਲ
ਲੜਖੜਾ ਕੇ
ਜ਼ਮੀਨ 'ਤੇ ਡਿੱਗੇ ਪੱਤਿਆਂ ਨੂੰ
ਤੁਸੀਂ ਕੁਝ ਵੀ ਨਾਮ ਦੇਵੋ
ਮੈਂ ਤਾਂ
ਰੁੱਖਾਂ ਨਾਲ ਗੱਲ ਕਰਾਂਗਾ
ਉਨ੍ਹਾਂ ਦੀ ਚੁੱਪ ਦੀ
ਬੇਚੈਨੀ ਦੀ
ਦਿਨ ਰਾਤ ਹੰਢਾ ਰਹੇ
ਜ਼ਖ਼ਮਾਂ 'ਚ ਭਾਈਵਾਲ ਬਣਾਂਗਾ

ਨੰਗ ਮੁਨੰਗੇ ਟਾਹਣਾਂ ਵੱਲ
ਦੋਸਤੀ ਦਾ ਹੱਥ ਵਧਾਵਾਂਗਾ
ਬੱਜਰ ਤਣਿਆਂ ਨਾਲ
ਗਲਵੱਕੜੀ ਪਾਵਾਂਗਾ
ਤਾਂ ਜੋ ਉਹ
ਇਕੱਲਤਾ ਮੁਕਤ ਹੋ ਜਾਵਣ
ਦੂਰ ਦਿਸਹੱਦਿਆਂ ਵੱਲ ਦੌੜਦੀ
ਉਨ੍ਹਾਂ ਦੀ ਨਜ਼ਰ ਸੰਗ ਦੌੜਦਾ ਹੋਇਆ।
ਲਾਲ, ਪੀਲੇ ਤੇ ਸਬਜ਼ ਪੱਤਿਆਂ ਨਾਲ
ਗੱਲ ਕਰਾਂਗਾ,
ਜ਼ਿੰਦਗੀ ਦੀ
ਰੋਟੀ ਦੀ
ਮੁਹੱਬਤ ਦੀ
ਕਰਾਂਤੀ ਦੀ।
*

**ਕੁਝ ਹਰਫ਼ ਉਧਾਰੇ**

ਬੜੇ ਦਿਨਾਂ ਤੋਂ
ਜ਼ਿਹਨ 'ਚ ਇਕ ਖ਼ਿਆਲ ਟੱਪਦਾ ਹੈ।
ਕਦੇ ਰੋਂਦਾ ਕਦੇ ਹੱਸਦਾ ਹੈ
ਕਦੇ ਚੁੱਪ ਹੋ ਜਾਵੇ
ਕਦੇ ਸੈਨਤਾਂ ਮਾਰੇ
ਕਦੇ ਪਿਆਰ ਨਾਲ ਬੋਲੇ
ਕਹੇ...
ਤੇਰੇ ਸਿਰ ਚੜ੍ਹਿਆ ਹੈ ਜੋ
ਕਰਜ਼ ਮਿੱਤਰਾਂ ਦਾ
ਕਿਵੇਂ ਲਾਹਵੇਂਗਾ, ਕਦੋਂ ਲਾਹਵੇਂਗਾ ਕਿੰਜ ਸੁਰਖ਼ਰੂ ਹੋਣਾ?

ਮੈਂ ਕਿਹਾ
ਤੂੰ ਚਿੰਤਾ ਨਾ ਕਰ
ਕਲਮ ਹੈ ਮੇਰੇ ਕੋਲ
ਸਭ ਠੀਕ ਹੋ ਜਾਊ
.....ਕਲਮ ਤਾਂ ਹੈ ਮੈਂ ਮੰਨਦਾ ਹਾਂ
ਹਰਫ਼ ਵੀ ਹਨ
ਕਿੰਨੇ ਕੁ ਹਨ...??

ਸੋ ਮੇਰੇ ਮਿੱਤਰੋ
ਮੇਰੀ ਅਰਜ਼ ਸੁਣੋ
ਇਸ ਚਲਦੇ ਦਵੰਦ ਦੀ ਗਰਜ਼ ਸੁਣੋ
ਜੇਕਰ ਤੁਸੀਂ ਹੋ ਮੇਰੇ ਮਿੱਤਰ ਪਿਆਰੇ
ਦੇ ਦੇਵੋ ਕੁਝ ਹਰਫ਼ ਉਧਾਰੇ

ਉਨ੍ਹਾਂ ਹਰਫ਼ਾਂ ਦਾ
ਮੈਂ ਇਕ ਸੰਗਲ ਬਣਾਉਣਾ ਹੈ

ਜਿਸ 'ਤੇ ਪਾਸ਼ ਦੀਆਂ ਨਜ਼ਮਾਂ ਦਾ

ਮੁਲੰਮਾ ਲਾ ਕੇ

ਉਹਦੇ ਕਾਤਲਾਂ ਦੇ ਗਲ 'ਚ ਪਾਉਣਾ ਹੈ

ਉਨ੍ਹਾਂ ਹਰਫ਼ਾਂ ਨਾਲ

ਮੈਂ ਇਕ ਪੁਲ ਬਣਾਉਣਾ ਹੈ

ਜਿਥੇ ਨਾ ਹੋਵੇਗਾ ਵਾਹਗਾ ਨਾ ਅਟਾਰੀ

ਲੰਘਣ ਦੀ ਵੀ ਹੋਏਗੀ ਸ਼ਰਤ ਨਿਆਰੀ

ਜਿਹੜਾ ਵੀ ਬੋਲੇਗਾ

ਪੰਜਾਬੀ ਦੇ ਬੋਲ

ਬਿਨ ਮੰਗਿਆ ਹੋਵੇਗਾ ਵੀਜ਼ਾ ਉਸਦੇ ਕੋਲ

ਉਨ੍ਹਾਂ ਹਰਫ਼ਾਂ ਨਾਲ

ਮੈਂ ਕੁਝ ਖ਼ਤ ਲਿਖਣੇ ਹਨ

ਮੈਂ ਵਾਰਿਸ ਨੂੰ ਕਹਿਣਾ ਹੈ

ਮੈਂ ਸ਼ਿਵ ਨੂੰ ਲਿਖਣਾ ਹੈ

ਕਿ ਬੀਤੇ ਵਰ੍ਹਿਆਂ ਵਿਚ

ਜੋ ਕੁਝ ਵੀ ਹੋਇਆ

ਮੁਆਫ਼ ਕਰ ਦੇਣਾ

ਪਰ ਇਹ ਧਰਤੀ

ਜੋ ਨਾਨਕ ਦੀ ਹੈ ਫ਼ਰੀਦ ਦੀ ਹੈ

ਬੁੱਲ੍ਹੇ, ਸ਼ਾਹ ਹੁਸੈਨ, ਬਾਰੂ ਦੀ ਹੈ

ਇਸ ਧਰਤੀ ਤੇ

ਕਲਮਾਂ ਕਤਲ ਤਾਂ ਹੋਈਆਂ ਹਨ

ਪਰ ਬਾਂਝ ਨਹੀਂ ਹੋਈਆਂ

ਬੱਸ ਜੇ ਚਾਹੀਦੇ ਹਨ

ਤਾਂ ਕੁਝ ਮਿੱਤਰ ਪਿਆਰੇ

ਤੇ ਕੁਝ ਹਰਫ਼ ਉਧਾਰੇ ।

*

**ਲਾਕਰ ਤੇ ਜਾਇਦਾਦ**

ਸਾਂਭ ਲੈਂਦੇ ਨੇ ਲੋਕ ਜਿਵੇਂ
ਗਹਿਣੇ ਤੇ ਹੋਰ ਨਿੱਕ-ਸੁਕ
ਬੈਂਕ ਦਿਆਂ ਲਾਕਰਾਂ ਅੰਦਰ....
ਮੇਰੇ ਕੋਲ ਕੁਝ ਨਜ਼ਮਾਂ ਹਨ
ਮੇਰੀ ਜਾਇਦਾਦ

ਸਾਂਭ ਲੈ ਨਾ ਤੂੰ
ਆਪਣੇ ਜ਼ਿਹਨ ਦੇ ਲਾਕਰ ਅੰਦਰ।

*